S T & A Simpson, Thomas and Associates

# Get the legal support you need now.

Serving all of British Columbia

- Family Law
- Personal Injury
- Estate Litigation
- Employment Law
- Immigration Law
- Insurance Denials





We have translators fluent in Hindi and Punjabi.

Book your legal consultation

604 689 8888

simpsonthomas.com

Surrey Office
701 – 13761 96th Avenue
Surrey, BC V3V 0E8

Vancouver Office
501 – 808 Nelson Street
Vancouver, BC V6Z 2H2

Scan QR code to set up a legal consultation with us

Experienced lawyers for your legal needs.

@stalawyers

BBB ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 50 SATURDAY, 09 DECEMBER, 2023
www.punjablinkpaper.com 604-503-5465

ਰੇਡੀਓ ਪੰਜਾਬ Radio Punjab
ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

## ਰੈੱਡੀ ਨੇ ਤਿਲੰਗਾਨਾ ਦੇ ਮੁੱਖ ਮੰਤਰੀ ਵਜੋਂ ਹਲ.ਫ ਲਿਆ



ਹੈਦਰਾਬਾਦ-ਕਾਂਗਰਸ ਵਿਧਾਇਕ ਦਲ ਦੇ ਨੇਤਾ ਏ ਰੇਵੰਤ ਰੈੱਡੀ ਨੇ ਇੱਥੇ ਇਕ ਸਮਾਗਮ ਦੌਰਾਨ ਤਿਲੰਗਾਨਾ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਸਮਾਗਮ ਵਿੱਚ ਸੋਨੀਆ ਗਾਂਧੀ, ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਤੋਂ ਇਲਾਵਾ ਕਈ ਹੋਰ ਕਾਂਗਰਸ ਆਗੂ ਹਾਜ਼ਰ ਸਨ। ਰਾਜਪਾਲ ਤਾਮਿਲਸਾਈ ਸੁੰਦਰਰਾਜਨ ਨੇ ਇੱਥੇ ਐੱਲਬੀ ਸਟੇਡੀਅਮ 'ਚ ਰੇਵੰਤ ਰੈੱਡੀ ਤੇ ਮੰਤਰੀਆਂ ਨੂੰ ਅਹੁਦੇ ਦਾ ਭੇਤ ਬਣਾਏ ਰੱਖਣ ਦੀ ਸਹੁੰ ਚੁਕਵਾਈ। ਰੇਵੰਤ ਰੈੱਡੀ ਤੋਂ ਇਲਾਵਾ ਮੱਲੂ ਬੀ ਵਿਕਰਮਾਰਕ (ਉਪ ਮੁੱਖ ਮੰਤਰੀ), ਐੱਨ ਉੱਤਰ ਕੁਮਾਰ ਰੈੱਡੀ, ਕੋਮਾਟੀਰੈੱਡੀ ਵੈਂਕਟ ਰੈੱਡੀ, ਸੀ ਦਾਮੋਦਰ ਰਾਜਨਰਸਿਨਹਾ, ਡੀ ਸ੍ਰੀਧਰ ਬਾਬੂ, ਪੌਂਗੂਲੇਟੀ ਸ੍ਰੀਨਿਵਾਸ ਰੈੱਡੀ, ਪੋਨਮ ਪ੍ਰਭਾਕਰ, ਕੋਂਡਾ ਸੁਰੇਖਾ, ਡੀ ਅਨਾਸੂਈਆ

(ਬਾਕੀ ਸਫ਼ਾ 7 'ਤੇ)

# ਭਾਰਤ ਵਲੋਂ ਪੰਨੂ ਦੀ ਹਵਾਲਗੀ ਲਈ ਅਮਰੀਕਾ ਨੂੰ ਅਪੀਲ

## ਹਮਲੇ ਸਬੰਧੀ ਧਮਕੀਆਂ ਲਈ ਅਮਰੀਕਾ ਤੇ ਕੈਨੇਡਾ ਕੋਲ ਚਿੰਤਾ ਦਾ ਪ੍ਰਗਟਾਵਾ

ਨਵੀਂ ਦਿੱਲੀ-ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਸਰਕਾਰ ਨੇ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹਵਾਲਗੀ ਲਈ ਅਮਰੀਕਾ ਤੋਂ ਸਹਾਇਤਾ ਮੰਗੀ ਹੈ। ਸਰਕਾਰ ਨੇ ਪੰਨੂ ਵੱਲੋਂ ਸੰਸਦ 'ਤੇ ਹਮਲਾ ਕਰਨ ਦੀਆਂ ਧਮਕੀਆਂ ਦੇ ਨਾਲ-ਨਾਲ ਵਿਦੇਸ਼ 'ਚ ਲੋਕਾਂ ਨੂੰ ਏਅਰ ਇੰਡੀਆ ਦੀਆਂ ਉਡਾਣਾਂ 'ਤੇ ਚੜ੍ਹਨ ਤੋਂ ਰੋਕਣ ਦੀਆਂ ਅਪੀਲਾਂ ਕਰਨ ਲਈ ਅਮਰੀਕਾ ਅਤੇ ਕੈਨੇਡਾ ਕੋਲ ਆਪਣੀ ਫਿਕਰਮੰਦੀ ਜਤਾਈ ਹੈ। ਉਨ੍ਹਾਂ ਤੋਂ ਜਦੋਂ ਪੁੱਛਿਆ ਗਿਆ ਕਿ ਭਾਰਤ ਨੇ ਅਮਰੀਕਾ ਤੋਂ ਪੰਨੂ ਨੂੰ ਗ੍ਰਿਫ਼ਤਾਰ ਕਰਨ ਅਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਹੈ ਤਾਂ ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ,"ਕਾਨੂੰਨ ਦੀ ਉਲੰਘਣਾ ਕਰਨ ਲਈ ਪੰਨੂ ਸਾਡੀਆਂ ਏਜੰਸੀਆਂ ਨੂੰ ਲੋੜੀਂਦਾ ਹੈ। ਇੱਕ ਪ੍ਰਕਿਰਿਆ ਹੈ ਜਿਸ ਦੁਆਰਾ ਅਸੀਂ ਸਹਾਇਤਾ ਦੀ ਮੰਗ ਕਰਦੇ ਹਾਂ। ਭਾਰਤ 'ਚ ਕੀਤੇ ਗਏ ਅਪਰਾਧਾਂ ਲਈ ਉਸ ਦੀ ਜ਼ਿੰਮੇਵਾਰੀ ਤੈਅ ਕਰਦਿਆਂ ਪੰਨੂ ਦੀ ਹਵਾਲਗੀ ਲਈ ਬੇਨਤੀਆਂ ਕੀਤੀਆਂ ਗਈਆਂ ਹਨ।" ਪੰਨੂ 'ਤੇ ਪੰਜਾਬ 'ਚ ਦੇਸ਼ਧ੍ਰੋਹ, ਦੰਗੇ ਭੜਕਾਉਣ ਅਤੇ ਦਹਿਸ਼ਤ ਫੈਲਾਉਣ ਦੇ ਦੋ ਦਰਜਨ ਮਾਮਲੇ ਦਰਜ ਹਨ। ਹਾਲਾਂਕਿ, ਇੰਟਰਪੋਲ ਨੇ ਪੰਨੂ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਦੀ ਭਾਰਤ ਦੀ ਬੇਨਤੀ ਨੂੰ ਦੋ ਵਾਰ ਨਕਾਰ ਦਿੱਤਾ ਹੈ। ਪੰਨੂ ਵੱਲੋਂ ਸੰਸਦ 'ਤੇ ਹਮਲੇ ਦੀ ਤਾਜ਼ਾ ਧਮਕੀ ਬਾਰੇ ਤਰਜਮਾਨ ਨੇ ਕਿਹਾ ਕਿ ਉਹ ਪ੍ਰਸੰਗ ਦੇ ਆਧਾਰ 'ਤੇ ਧਮਕੀਆਂ ਨੂੰ ਗੰਭੀਰਤਾ ਨਾਲ ਲੈਂਦੇ ਹਨ। 'ਸੰਸਦ 'ਤੇ ਹਮਲੇ ਦੀ ਧਮਕੀ ਦੇ ਮਾਮਲੇ ਵਿੱਚ ਅਸੀਂ ਅਜਿਹੇ ਕੱਟੜਪੰਥੀਆਂ ਨੂੰ ਤਵੱਜੋ ਨਹੀਂ ਦੇਣਾ ਚਾਹੁੰਦੇ ਹਾਂ ਜੋ ਸਿਰਫ਼ ਸੁਰਖੀਆਂ ਲੈਣ ਲਈ ਅਜਿਹੀਆਂ ਧਮਕੀਆਂ ਦਿੰਦੇ ਹਨ। ਅਸੀਂ ਇਹ ਮਾਮਲਾ ਅਮਰੀਕਾ ਅਤੇ ਕੈਨੇਡੀਅਨ ਅਧਿਕਾਰੀਆਂ ਕੋਲ ਉਠਾਇਆ ਹੈ।' ਬਾਗਚੀ ਨੇ ਕਿਹਾ ਕਿ ਐੱਫਬੀਆਈ ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਦੀ ਅਗਲੇ ਹਫ਼ਤੇ ਭਾਰਤ ਫੇਰੀ ਪਹਿਲਾਂ ਤੋਂ ਤੈਅ ਸੀ।



(ਬਾਕੀ ਸਫ਼ਾ 7 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

# ਪੰਜਾਬ ਸਰਕਾਰ ਸੂਬੇ ਵਿਚ ਸੌ ਹੋਰ ਆਮ ਆਦਮੀ ਕਲੀਨਿਕ ਖੋਲ੍ਹੇਗੀ-ਭਗਵੰਤ ਮਾਨ

ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਸੱਦੀ ਮੀਟਿੰਗ ਵਿੱਚ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਹੁਣ ਤੱਕ 664 ਆਮ ਆਦਮੀ ਕਲੀਨਿਕ ਚੱਲ ਰਹੇ ਹਨ, ਜਿਥੇ 84 ਜ਼ਰੂਰੀ ਦਵਾਈਆਂ ਅਤੇ 40 ਤੋਂ ਵੱਧ ਟੈਸਟਾਂ ਦੀ ਸਹੂਲਤ ਮੁਫਤ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ 100 ਹੋਰ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ ਜਿਸ ਨਾਲ ਹਰੇਕ ਪੰਜਾਬੀ ਨੂੰ ਆਪਣੇ ਘਰ ਦੇ ਨਜ਼ਦੀਕ ਵਧੀਆ ਸਿਹਤ ਸਹੂਲਤਾਂ ਮਿਲ ਸਕਣਗੀਆਂ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ ਸੂਬੇ ਵਿੱਚ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਵਰਦਾਨ ਸਾਬਤ ਹੋ ਰਹੇ ਹਨ। ਇਨ੍ਹਾਂ ਕਲੀਨਿਕਾਂ ਵਿੱਚ ਹੁਣ ਤੱਕ 80 ਲੱਖ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ। ਇਨ੍ਹਾਂ ਕਲੀਨਿਕਾਂ ਨੇ ਸਿਹਤ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋਇਆ ਹੈ। ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਸੂਬੇ ਵਿੱਚ ਨਵੇਂ ਬਣ ਰਹੇ ਮੈਡੀਕਲ ਕਾਲਜਾਂ ਨੂੰ ਚਾਲੂ ਕਰਨ ਲਈ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਸੂਬੇ ਵਿੱਚ ਸਿਰਫ ਤਿੰਨ ਮੈਡੀਕਲ ਕਾਲਜ ਖੁੱਲ੍ਹੇ ਹਨ। ਹੁਣ ਆਉਂਦੇ ਇੱਕ ਸਾਲ ਵਿੱਚ ਸੂਬੇ ਵਿੱਚ ਪੰਜ ਹੋਰ ਮੈਡੀਕਲ ਕਾਲਜ ਖੋਲ੍ਹੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਇਕ-ਇਕ ਮੈਡੀਕਲ ਕਾਲਜ ਖੋਲ੍ਹਣ ਲਈ ਕੰਮ ਕਰ ਰਹੀ ਹੈ



(ਬਾਕੀ ਸਫ਼ਾ 7 'ਤੇ)



## ਨਵਜੋਤ ਸਿੰਘ ਸਿੱਧੂ ਦੇ ਪੁੱਤਰ ਦਾ ਵਿਆਹ

ਚੰਡੀਗੜ੍ਹ-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੇ ਪੁੱਤ ਕਰਨ ਸਿੱਧੂ ਨੇ ਅੱਜ ਪਟਿਆਲਾ 'ਚ ਇਨਾਇਤ ਰੰਧਾਵਾ ਨਾਲ ਵਿਆਹ ਕਰਵਾ ਲਿਆ। ਕਰਨ ਗੁਲਾਬੀ ਸ਼ੇਰਵਾਨੀ ਪਹਿਨ ਕੇ ਗੁਰਦੁਆਰੇ ਪਹੁੰਚਿਆ, ਜਦੋਂ ਕਿ ਲਾੜੀ ਗੁਲਾਬੀ ਲਹਿੰਗੇ 'ਚ ਖ਼ੂਬਸੂਰਤ ਲੱਗ ਰਹੀ ਸੀ। ਪਟਿਆਲਾ ਦੇ ਹੋਟਲ 'ਚ ਸ੍ਰੀ ਸਿੱਧੂ ਵੱਲੋਂ ਰਿਸੈਪਸ਼ਨ ਪਾਰਟੀ ਰੱਖੀ ਗਈ ਹੈ। ਇਨਾਇਤ ਵੀ ਪਟਿਆਲਾ ਤੋਂ ਹੈ। ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕੁਝ ਮਹੀਨੇ ਪਹਿਲਾਂ ਦੁਰਗਾ-ਅਸ਼ਟਮੀ ਮੌਕੇ ਖਿੱਚੀ ਪਰਿਵਾਰਕ ਤਸਵੀਰ ਸਾਂਝੀ ਕਰਕੇ ਆਪਣੀ ਹੋਣ ਵਾਲੀ ਨੂੰਹ ਦੀ ਪਛਾਣ ਕਰਵਾਈ ਸੀ।

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



## ਸ਼ੋਕ ਸਮਾਚਾਰ

ਸਰੀ ਵਿਚ ਰੀਅਲ ਇਸਟੇਟ, ਸਮਾਜਿਕ ਅਤੇ ਸੱਭਿਆਚਾਰਕ ਖੇਤਰ ਦੀ ਜਾਣੀ ਪਛਾਣੀ ਸ਼ਖ਼ਸੀਅਤ ਰਣਧੀਰ ਢਿੱਲੋਂ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦਾ ਸਾਲਾ ਰਵਿੰਦਰ ਸਿੰਘ ਨਿੱਝਰ (ਬਿੰਦਾ) 29 ਨਵੰਬਰ 2023 ਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਦਾ ਪਿਛਲਾ ਪਿੰਡ ਪੰਡੋਰੀ ਨਿੱਝਰਾਂ, ਜ਼ਿਲਾ ਜਲੰਧਰ ਸੀ। ਉਸ ਦਾ ਅੰਤਿਮ ਸੰਸਕਾਰ 10 ਦਸੰਬਰ 2023 (ਦਿਨ ਐਤਵਾਰ) ਨੂੰ ਦੁਪਹਿਰ 2 ਵਜੇ, ਰਿਵਰਸਾਈਡ ਫਿਊਨਰਲ ਹੋਮ 7410 ਹੋਪਕੌਟ ਰੋਡ, ਡੈਲਟਾ ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ (8115 132 ਸਟਰੀਟ) ਸਰੀ ਵਿਖੇ ਹੋਵੇਗੀ। ਦੁੱਖ ਸਾਂਝਾ ਕਰਨ ਲਈ ਰਣਧੀਰ ਢਿੱਲੋਂ ਨਾਲ 604 315 2525 ਅਤੇ ਅਮਰਦੀਪ ਪਵਾਰ ਨਾਲ 778 847 7789 'ਤੇ ਸੰਪਰਕ ਕੀਤਾ ਜਾ ਸਕਦਾ ਹੈ।






# ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੀ ਚੋਣ

## ਗੁਰਪ੍ਰੀਤ ਸਿੰਘ ਸਹੋਤਾ ਪ੍ਰਧਾਨ ਅਤੇ ਜਰਨੈਲ ਸਿੰਘ ਆਰਟਿਸਟ ਜਨਰਲ ਸਕੱਤਰ ਚੁਣੇ ਗਏ


ਸਰੀ (ਹਰਦਮ ਮਾਨ)- ਬੀਤੇ ਦਿਨ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੀ ਵਿਸ਼ੇਸ਼ ਮੀਟਿੰਗ ਅੰਪਾਇਰ ਬੈਂਕੁਇਟ ਹਾਲ ਸਰੀ ਵਿਖੇ ਹੋਈ ਜਿਸ ਵਿਚ ਗੁਰਪ੍ਰੀਤ ਸਿੰਘ ਸਹੋਤਾ ਨੂੰ ਸਰਬਸੰਮਤੀ ਨਾਲ ਨਵਾਂ ਪ੍ਰਧਾਨ ਅਤੇ ਜਰਨੈਲ ਸਿੰਘ ਆਰਟਿਸਟ ਨੂੰ ਜਨਰਲ ਸਕੱਤਰ ਚੁਣ ਲਿਆ ਗਿਆ। ਚੜ੍ਹਦੀ ਕਲਾ ਨਿਊਜ਼ ਦੇ ਸੰਪਾਦਕ ਅਤੇ ਚੈਨਲ ਪੰਜਾਬੀ ਦੇ ਸਹੋਤਾ ਸ਼ੋਅ ਦੇ ਸੰਚਾਲਕ ਗੁਰਪ੍ਰੀਤ ਸਿੰਘ (ਲੱਕੀ ਸਹੋਤਾ) ਪੰਜਾਬੀ ਪ੍ਰੈਸ ਕਲੱਬ ਦੇ ਮੁਢਲੇ ਮੈਂਬਰਾਂ ਵਿੱਚੋਂ ਹਨ ਅਤੇ ਇਸ ਤੋਂ ਪਹਿਲਾਂ ਉਹ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਮੀਟਿੰਗ ਵਿਚ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰਪ੍ਰੀਤ ਸਿੰਘ ਸਹੋਤਾ ਦਾ ਨਾਂ ਪ੍ਰਧਾਨ ਲਈ ਪੇਸ਼ ਕੀਤਾ, ਜਿਸ ਨੂੰ ਆਮ ਸਹਿਮਤੀ ਨਾਲ ਸਮੂਹ ਮੈਂਬਰਾਂ ਵੱਲੋਂ ਪ੍ਰਵਾਨ ਕਰ ਲਿਆ ਗਿਆ। ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਦੇ ਨਵੇਂ ਜਨਰਲ ਸਕੱਤਰ ਜਰਨੈਲ ਸਿੰਘ ਆਰਟਿਸਟ ਵੀ ਇਸ ਤੋਂ ਪਹਿਲਾਂ ਕਲੱਬ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਮੋਢੀ ਮੈਂਬਰਾਂ ਵਿੱਚੋਂ ਹਨ। ਐਗਜ਼ੈਕਟਿਵ ਲਈ ਚੁਣੇ ਗਏ ਹੋਰ ਅਹੁਦੇਦਾਰਾਂ ਵਿੱਚ ਬਲਜਿੰਦਰ ਕੌਰ ਮੀਤ ਪ੍ਰਧਾਨ, ਖਜ਼ਾਨਚੀ ਬਲਦੇਵ ਸਿੰਘ ਮਾਨ, ਸਹਾਇਕ ਸਕੱਤਰ ਰਸ਼ਪਾਲ ਸਿੰਘ ਗਿੱਲ, ਸਹਾਇਕ ਖਜ਼ਾਨਚੀ ਸੁੱਖੀ ਰੰਧਾਵਾ ਅਤੇ ਕਾਰਜਕਾਰੀ ਮੈਂਬਰ ਬਲਵੀਰ ਕੌਰ ਢਿੱਲੋਂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ 2008 ਤੋਂ ਸਥਾਪਿਤ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀ ਮੀਡੀਆ ਦੀ ਸਾਂਝੀ ਸੰਸਥਾ ਹੈ। ਰਵਾਇਤ ਅਨੁਸਾਰ ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਚੋਣ ਦੀ ਥਾਂ 'ਤੇ ਆਮ ਸਹਿਮਤੀ ਨਾਲ ਐਗਜ਼ੈਕਟਿਵ ਚੁਣੀ ਜਾਂਦੀ ਹੈ ਅਤੇ ਇਸ ਵਾਰ ਵੀ ਇਸ ਰਵਾਇਤ ਨੂੰ ਬਕਾਇਦਾ ਕਾਇਮ ਰੱਖਿਆ ਗਿਆ ਹੈ। ਪੰਜਾਬੀ ਪ੍ਰੈੱਸ ਕਲੱਬ ਵਿੱਚ ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਆਦਿ ਅਦਾਰਿਆਂ ਨਾਲ ਸੰਬੰਧਿਤ 35 ਮੈਂਬਰ ਸ਼ਾਮਿਲ ਹਨ। ਪ੍ਰਧਾਨ ਗੁਰਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਪੰਜਾਬੀ ਪ੍ਰੈੱਸ ਕਲੱਬ ਦੀ ਨਵੀਂ ਐਗਜ਼ੈਕਟਿਵ ਸੰਨ 2024-25 ਲਈ ਸੇਵਾਵਾਂ ਨਿਭਾਏਗੀ।


ਗੁਰਪ੍ਰੀਤ ਸਿੰਘ ਸਹੋਤਾ


ਜਰਨੈਲ ਸਿੰਘ ਆਰਟਿਸਟ

# ਬੀਸੀ ਵਿਚ 2023 'ਚ ਵਿਦੇਸ਼ ਤੋਂ ਪੜ੍ਹੀਆਂ 578 ਨਰਸਾਂ ਰਜਿਸਟਰਡ ਹੋਈਆਂ

ਵੈਨਕੂਵਰ-ਇਸ ਸਾਲ ਬ੍ਰਿਟਿਸ਼ ਕੋਲੰਬੀਆ ਵਿਚ ਵਿਦੇਸ਼ ਵਿਚ ਪੜ੍ਹੀਆਂ ਰਜਿਸਟਰਡ ਹੋਈਆਂ ਨਵੀਆਂ ਨਰਸਾਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਦੁੱਗਣੀ ਹੋ ਗਈ ਹੈ ਜਿਸ ਨਾਲ ਸੂਬੇ ਦੀ ਜ਼ਿਆਦਾ ਸਿਹਤ ਕਾਮਿਆਂ ਨੂੰ ਖਿੱਚਣ ਲਈ ਇਕ ਅਰਬ ਡਾਲਰ ਦੀ ਬਹੁ-ਸਾਲਾ ਯੋਜਨਾ ਅੱਗੇ ਵਧੀ ਹੈ। ਬੀਸੀ ਦੀ ਸਿਹਤ ਮਨੁੱਖੀ ਵਸੀਲਿਆਂ ਦੀ ਰਣਨੀਤੀ ਬਾਰੇ ਪਹਿਲੀ ਤਾਜ਼ਾ ਜਾਣਕਾਰੀ ਵਿਚ ਕਿਹਾ ਗਿਆ ਕਿ 2022 ਵਿਚ 288 ਦੇ ਮੁਕਾਬਲੇ 2023 ਵਿਚ ਸੂਬੇ ਵਿਚ 578 ਅੰਤਰਰਾਸ਼ਟਰੀ ਪੱਧਰ 'ਤੇ ਪੜ੍ਹਾਈ ਪ੍ਰਾਪਤ ਮੁਕੰਮਲ ਰਜਿਸਟਰਡ ਹੋਈਆਂ ਹਨ। ਸੂਬੇ ਭਰ ਵਿਚ ਲੜੀਵਾਰ ਸਿਹਤ ਸੰਭਾਲ ਦੀਆਂ ਸਮੱਸਿਆਵਾਂ ਲਈ ਸਟਾਫ ਦੀ ਘਾਟ ਨੂੰ ਜ਼ਿੰਮੇਵਾਰ ਆਖਿਆ ਗਿਆ ਸੀ। ਇਨ੍ਹਾਂ ਵਿਚ ਐਮਰਜੈਂਸੀ ਰੂਮਾਂ ਦਾ ਬੰਦ ਹੋਣਾ, ਹਸਪਤਾਲਾਂ ਵਿਚ ਜ਼ਿਆਦਾ ਭੀੜ ਅਤੇ ਹਜ਼ਾਰਾਂ ਲੋਕਾਂ ਨੂੰ ਇਕ ਫੈਮਿਲੀ ਡਾਕਟਰ ਤੋਂ ਬਿਨ੍ਹਾਂ ਰਹਿਣ ਦੀਆਂ ਸਮੱਸਿਆਵਾਂ ਸ਼ਾਮਿਲ ਹਨ। ਇਕ ਪ੍ਰੈਸ ਕਾਨਫਰੰਸ ਵਿਚ ਸਿਹਤ ਮੰਤਰੀ ਡਿਕਸ ਨੇ ਕਿਹਾ ਕਿ ਅਸੀਂ ਅਨਅਟੈਚਡ ਲੋਕਾਂ ਦੀ ਗਿਣਤੀ ਘਟਾਉਣ ਲਈ ਬੀਸੀ ਵਿਚ ਸ਼ਾਨਦਾਰ ਦਰ ਨਾਲ ਫੈਮਿਲੀ ਡਾਕਟਰਾਂ ਨੂੰ ਭਰਤੀ ਕਰਨ ਦਾ ਟੀਚਾ ਬਣਾ ਰਹੇ ਹਾਂ। ਇਕ ਫੈਮਿਲੀ ਡਾਕਟਰ ਲਗਪਗ 1250 ਮਰੀਜ਼ਾਂ ਦੀ ਦੇਖਭਾਲ ਕਰਦਾ ਹੈ ਜਦਕਿ ਨਰਸ ਪ੍ਰੈਕਟੀਸ਼ਨਰ ਕੋਲ ਲਗਪਗ 1000 ਮਰੀਜ਼ ਹੁੰਦੇ ਹਨ।









# ਪੰਜਾਬੀ ਸਾਹਿਤ ਸਭਾ ਮੁੱਢਲੀ ਵੱਲੋਂ ਸਤਵੰਤ ਕੌਰ ਪੰਧੇਰ ਦੀ ਪੁਸਤਕ 'ਕਾਦਰ ਦੀ ਕੁਦਰਤ' ਰਿਲੀਜ਼

ਸਰੀ (ਹਰਦਮ ਮਾਨ)-ਪੰਜਾਬੀ ਸਾਹਿਤ ਸਭਾ ਮੁੱਢਲੀ ਐਬਸਫੋਰਡ ਵੱਲੋਂ ਪੰਜਾਬੀ ਕਵਿਤਰੀ ਸਤਵੰਤ ਕੌਰ ਪੰਧੇਰ ਦੀ ਚੌਥੀ ਪੁਸਤਕ 'ਕਾਦਰ ਦੀ ਕੁਦਰਤ' ਲੋਕ ਅਰਪਣ ਕਰਨ ਲਈ ਗਈ ਸਮਾਗਮ ਕਰਵਾਇਆ ਗਿਆ। ਸਭਾ ਦੇ ਸਕੱਤਰ ਸੁਰਜੀਤ ਸਿੰਘ ਸਹੋਤਾ ਨੇ ਸਭ ਨੂੰ ਜੀ ਆਇਆਂ ਆਖਦਿਆਂ ਪੁਸਤਕ ਦੀ ਜਾਣ ਪਛਾਣ ਕਰਵਾਈ। ਉਨ੍ਹਾਂ ਦੱਸਿਆ ਕਿ ਇਸ ਪੁਸਤਕ ਵਿੱਚ ਕੁਦਰਤ ਦੇ ਰੰਗ ਵਿੱਚ ਰੰਗੀਆਂ ਹੋਈਆਂ 85 ਕਵਿਤਾਵਾਂ ਹਨ। ਇਹ ਕਵਿਤਾਵਾਂ ਮਨੁੱਖ ਨੂੰ ਕੁਦਰਤ ਨਾਲ ਜੋੜਦੀਆਂ ਹਨ। ਪੁਸਤਕ ਦੀ ਲੇਖਿਕਾ ਸਤਵੰਤ ਕੌਰ ਪੰਧੇਰ ਨੇ ਇਸ ਪੁਸਤਕ ਦੀ ਪਿੱਠਭੂਮੀ ਬਾਰੇ ਦੱਸਿਆ ਕਿ ਉਨ੍ਹਾਂ ਕੁਦਰਤ ਦੀ ਖ਼ੁਬਸੂਰਤ ਕਾਇਨਾਤ ਨਾਲ ਗੱਲਾਂ ਕਰਦਿਆਂ ਜ਼ਿੰਦਗੀ ਦੇ ਅਨਮੋਲ ਪਲ ਮਾਣੇ ਹਨ ਅਤੇ ਉਨ੍ਹਾਂ ਪਲਾਂ ਨੂੰ ਕਵਿਤਾਵਾਂ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਉਨ੍ਹਾਂ ਪੁਸਤਕ ਵਿੱਚੋਂ ਕੁਝ ਕਵਿਤਾਵਾਂ ਪੇਸ਼ ਕਰ ਕੇ ਕੁਦਰਤ ਦੇ ਵੱਖ ਵੱਖ ਰੰਗਾਂ ਨੂੰ ਦ੍ਰਿਸ਼ਟੀਮਾਨ ਕੀਤਾ। ਸਭਾ ਦੇ ਕੋਆਰਡੀਨੇਟਰ ਕੀਤਾ। ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਸਤਵੰਤ ਕੌਰ ਪੰਧੇਰ ਨੇ ਭਾਈ ਵੀਰ ਸਿੰਘ ਨੂੰ ਆਪਣੀ ਸਾਹਿਤਕ ਪ੍ਰੇਰਨਾ ਦਾ ਸਰੋਤ ਬਣਾਇਆ ਹੈ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਵਿਚ 'ਕਾਦਰ ਦੀ ਕੁਦਰਤ' ਦਾ ਜਲਵਾ ਬਾਖੂਬੀ ਝਲਕਦਾ ਦਿੰਦਾ ਹੈ। ਕੁਦਰਤੀ ਪ੍ਰੇਮ ਵਿੱਚ ਗੜੂੰਦ ਉਸ ਦੀ ਕਾਵਿ-ਸ਼ੈਲੀ ਉਸ ਨੂੰ ਭਾਈ ਵੀਰ ਸਿੰਘ ਦਾ ਸਾਹਿਤਕ ਵਾਰਿਸ ਬਣਾਉਂਦੀ ਹੈ। ਡਾ. ਧਾਲੀਵਾਲ ਨੇ ਪੁਸਤਕ ਦੇ ਕਾਵਿ ਸਿਧਾਂਤ ਅਤੇ ਵਿਲੱਖਣਤਾਵਾਂ ਦੀ ਗੱਲ ਕਰਦਿਆਂ ਕੁਝ ਅਹਿਮ ਸੁਝਾਅ ਵੀ ਦਿੱਤੇ। ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਨੇ ਕਿਹਾ ਕਿ ਕਵਿਤਰੀ ਸਤਵੰਤ ਪੰਧੇਰ ਦੇ ਲਫ਼ਜ਼ਾਂ ਵਿੱਚੋਂ ਕੁਦਰਤ ਦੀ ਮਹਿਕ ਆਉਂਦੀ ਹੈ। ਇੰਦਰਜੀਤ ਕੌਰ ਸਿੱਧੂ ਨੇ ਪੁਸਤਕ ਵਿਚਲੀਆਂ ਕਵਿਤਾਵਾਂ ਦੀ ਪ੍ਰਸੰਸਾ ਕਰਦਿਆਂ ਕਵਿਤਰੀ ਨੂੰ ਮੁਬਾਰਕਬਾਦ ਦਿੱਤੀ। ਗ਼ਜ਼ਲਗੋ ਦਵਿੰਦਰ ਸਿੰਘ ਪੂਨੀਆ ਨੇ ਕਿਹਾ ਕਿ ਕਵਿਤਰੀ ਪੰਧੇਰ ਨੇ ਕੁਦਰਤ ਨਾਲ ਮਨੁੱਖ ਦੀ ਡੂੰਘੀ ਸਾਂਝ ਨੂੰ ਬਿਆਨ ਕਰਦਿਆਂ ਹੋਇਆਂ ਮਨੁੱਖ ਨੂੰ ਕੁਦਰਤ ਦੀ ਬਰਬਾਦੀ ਕਰਨ ਤੋਂ ਵਰਜਿਆ ਹੈ। ਅੰਕੇਸ਼ਵਰ ਨੇ ਸੁਰੀਲੀ ਆਵਾਜ਼ ਵਿੱਚ ਇਸ ਕਿਤਾਬ ਵਿੱਚੋਂ ਇੱਕ ਗੀਤ ਸਾਂਝਾ ਕੀਤਾ। ਪ੍ਰਿੰ. ਮਲੂਕ ਚੰਦ ਕਲੇਰ, ਰਾਜਿੰਦਰ ਸਿੰਘ ਪੰਧੇਰ, ਹਰਚੰਦ ਸਿੰਘ ਬਾਗੜੀ, ਦਵਿੰਦਰ ਕੌਰ ਜੌਹਲ, ਹਰਕੀਰਤ ਕੌਰ ਚਾਹਲ, ਹਰੀ ਸਿੰਘ ਤਾਤਲਾ ਅਤੇ ਪਵਨ ਗਿੱਲਾਂ ਵਾਲਾ ਨੇ ਵੀ ਇਸ ਖ਼ੂਬਸੂਰਤ ਪੁਸਤਕ ਲਈ ਕਵਿਤਰੀ ਨੂੰ ਮੁਬਾਰਕਾਂ ਦਿਤੀਆਂ। ਸਮਾਗਮ ਦਾ ਸੰਚਾਲਨ ਗੁਰਪ੍ਰੀਤ ਸਿੰਘ ਚਾਹਲ ਨੇ ਖ਼ੂਬਸੂਰਤ ਢੰਗ ਨਾਲ ਕੀਤਾ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਬਲਵੰਤ ਸਿੰਘ ਰੁਪਾਲ, ਜਸਬੀਰ ਕੌਰ ਮਾਨ, ਪਰਮਿੰਦਰ ਕੌਰ ਸਵੈਚ, ਪ੍ਰੀਤਪਾਲ ਪੂਨੀ ਅਟਵਾਲ, ਨਿਰਮਲ ਗਿੱਲ, ਡਾ. ਜਸਮਲਕੀਤ ਕੌਰ, ਗੁਰਵਿੰਦਰ ਸਿੰਘ ਸੰਧੂ, ਨਵਰੂਪ ਸਿੰਘ, ਡਾ. ਸੁਖਵਿੰਦਰ ਸਿੰਘ ਵਿਰਕ, ਗੁਰਦੇਵ ਸਿੰਘ ਬੁੱਟਰ, ਲੱਖੀ ਗਾਖਲ, ਜਰਨੈਲ ਸਿੰਘ ਅਤੇ ਦਿਲਬਾਗ ਸਿੰਘ ਹਾਜ਼ਰ ਸਨ।




# ਸੀਬੀਸੀ 600 ਨੌਕਰੀਆਂ ਖ਼ਤਮ ਕਰੇਗਾ ਪ੍ਰੋਗਰਾਮਾਂ ਵਿਚ ਵੀ ਹੋਵੇਗੀ ਕਟੌਤੀ

ਓਟਵਾ-ਕੈਨੇਡੀਅਨ ਬਰੌਡਕਾਸਟਿੰਗ ਕਾਰਪੋਰੇਸ਼ਨ ਅਤੇ ਰੇਡੀਓ ਕੈਨੇਡ ਲਗਪਗ 600 ਨੌਕਰੀਆਂ ਨੂੰ ਖਤਮ ਕਰ ਦੇਵੇਗਾ ਅਤੇ 200 ਹੋਰ ਅਸਾਮੀਆਂ ਭਰੀਆਂ ਨਹੀਂ ਜਾਣਗੀਆਂ ਕਿਉਂਕਿ ਇਹ 125 ਮਿਲੀਅਨ ਡਾਲਰ ਦੇ ਬਜਟ ਘਾਟੇ ਦਾ ਸਾਹਮਣਾ ਕਰ ਰਿਹਾ ਹੈ। ਪਬਲਿਕ ਬਰੌਡਕਾਸਟਰ ਦਾ ਕਹਿਣਾ ਕਿ ਦੋਵੇਂ ਸੀਬੀਸੀ ਅਤੇ ਰੇਡੀਓ-ਕੈਨੇਡਾ 250-250 ਨੌਕਰੀਆਂ ਦੀ ਕਟੌਤੀ ਕਰਨਗੇ ਅਤੇ ਬਾਕੀਆਂ ਦੀ ਕਟੌਤੀ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਦੀ ਡਵੀਜ਼ਨਾਂ ਤੋਂ ਹੋਵੇਗੀ। ਕੁਝ ਕਟੌਤੀਆਂ ਤਾਂ ਤੁਰੰਤ ਹੋ ਜਾਣਗੀਆਂ ਜਦਕਿ ਹੋਰ ਅਗਲੇ 12 ਮਹੀਨਿਆਂ ਦੇ ਸਮੇਂ ਵਿਚ ਕੀਤੀਆਂ ਜਾਣਗੀਆਂ। ਇਸ ਨੇ ਮੌਜੂਦਾ ਸਮੇਂ 200 ਹੋਰ ਖਾਲੀ ਅਸਾਮੀਆਂ ਦੀ ਪਛਾਣ ਕੀਤੀ ਹੈ ਜਿਹੜੀਆਂ ਖਤਮ ਕਰ ਦਿੱਤੀਆਂ ਜਾਣਗੀਆਂ। ਸੀਬੀਸੀ ਨੇ ਦੱਸਿਆ ਕਿ ਵਧ ਰਹੀ ਲਾਗਤ, ਟੈਲੀਵੀਜ਼ਨ ਇਸ਼ਤਿਹਾਰਾਂ ਦੀ ਆਮਦਨ ਵਿਚ ਕਮੀ ਅਤੇ ਵੱਡੀਆਂ ਤਕਨੀਕੀ ਕੰਪਨੀਆਂ ਵਲੋਂ ਦਿੱਤੇ ਜਾ ਰਹੇ ਤਿੱਖੇ ਮੁਕਾਬਲੇ ਕਾਰਨ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਕਰਾਊਨ ਕਾਰਪੋਰੇਸ਼ਨ ਅਗਲੇ ਵਿੱਤ ਵਰ੍ਹੇ ਦੇ ਸ਼ੁਰੂ ਵਿਚ ਸੰਸਦੀ ਫੰਡਾਂ ਵਿਚ ਕਟੌਤੀ ਦੀ ਵੀ ਆਸ ਕਰ ਰਹੀ ਹੈ ਜਿਸ ਵਿਚ 21 ਮਿਲੀਅਨ ਡਾਲਰ ਦੇ ਫੰਡ ਦਾ ਖਾਤਮਾ ਸ਼ਾਮਿਲ ਹੈ ਜਿਹੜਾ 2021 ਤੋਂ ਸਾਲਾਨਾ ਮਿਲ ਰਿਹਾ ਹੈ। ਇਕ ਲਿਖਤੀ ਬਿਆਨ ਵਿਚ ਸੀਬੀਸੀ/ਰੇਡੀਓ-ਕੈਨੇਡਾ ਦੇ ਪ੍ਰਧਾਨ ਅਤੇ ਚੀਫ਼ ਐਗਜ਼ੀਕਿਊਟਿਵ ਕੈਥਰੀਨ ਟੈਚ ਨੇ ਕਿਹਾ ਕਿ ਸੀਬੀਸੀ/ਰੇਡੀਓ-ਕੈਨੇਡਾ ਉੱਥਲ ਪੁਥਲ ਦਾ ਸਾਹਮਣਾ ਕਰ ਰਹੀ ਕੈਨੇਡੀਅਨ ਮੀਡੀਆ ਇੰਡਸਟਰੀ ਤੋਂ ਮੁਕਤ ਨਹੀਂ। ਅਸੀਂ ਕਈ ਸਾਲ ਆਪਣੇ ਗੰਭੀਰ ਢਾਂਚਾਗਤ ਗਿਰਾਵਟ ਦਾ ਪ੍ਰਬੰਧ ਕੀਤਾ ਪਰ ਹੁਣ ਸਾਡੇ ਕੋਲ ਕਟੌਤੀਆਂ ਕਰਨ ਤੋਂ ਬਿਨ੍ਹਾਂ ਗੁੰਜਾਇਸ਼ ਨਹੀਂ ਰਹੀ। ਬਰੌਡਕਾਸਟਰ ਨੇ ਸਾਲ ਦੇ ਸ਼ੁਰੂ ਵਿਚ ਹੀ ਆਪਣੀਆਂ ਬਜਟ ਚੁਣੌਤੀਆਂ ਨੂੰ ਹੱਲ ਕਰਨ ਲਈ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਸੀ ਜਦੋਂ ਇਸ ਨੇ ਟਰੈਵਲ, ਸਪਾਂਸਰਸ਼ਿਪ ਅਤੇ ਮਾਰਕੀਟਿੰਗ 'ਤੇ ਖਰਚ ਵਿਚ 25 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਦੀ ਕਟੌਤੀ ਕਰ ਦਿੱਤੀ ਅਤੇ ਕੁਝ ਤਕਨਾਲੋਜੀ ਪਹਿਲਕਦਮੀਆਂ ਨੂੰ ਅੱਗੇ ਪਾ ਦਿੱਤਾ ਅਤੇ ਖਾਲੀ ਅਹੁਦਿਆਂ ਨੂੰ ਭਰਨਾ ਸੀਮਤ ਕਰਨ ਦਿੱਤਾ।

# ਬਰੈਂਪਟਨ ਵਿਚ ਨੌਜਵਾਨ ਦੀ ਕੁੱਟਮਾਰ ਦੇ ਮਾਮਲੇ 'ਚ 4 ਪੰਜਾਬੀਆਂ ਦੀ ਪੁਲਿਸ ਨੂੰ ਤਲਾਸ਼

ਟੋਰਾਂਟੋ-ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਹਮਲੇ ਦੇ ਸਬੰਧ ਵਿੱਚ ਪੁਲੀਸ ਨੇ 22 ਤੋਂ 30 ਸਾਲ ਦੀ ਉਮਰ ਦੇ ਚਾਰ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਲੱਭਣ ਲਈ ਜਨਤਕ ਸਹਾਇਤਾ ਦੀ ਮੰਗ ਕੀਤੀ ਹੈ। ਆਫਤਾਬ ਗਿੱਲ (22), ਹਰਮਨਦੀਪ ਸਿੰਘ (22), ਜਤਿੰਦਰ ਸਿੰਘ (25) ਅਤੇ ਸਤਨਾਮ ਸਿੰਘ (30) ਨੇ 8 ਸਤੰਬਰ ਨੂੰ ਮੈਕਲਾਫਲਿਨ ਰੋਡ ਅਤੇ ਰੇਅ ਲੌਸਨ ਬੁਲੇਵਾਰਡ ਦੇ ਖੇਤਰ ਵਿੱਚ ਇੱਕ ਵਿਅਕਤੀ ਕੁੱਟਿਆ। ਪੁਲੀਸ ਨੇ ਦੱਸਿਆ ਕਿ ਕੁੱਟ ਮਾਰ ਤੋਂ ਬਾਅਦ ਮੁਲਜ਼ਮ ਭੱਜ ਗਏ। ਇਹ ਚਾਰੋਂ ਬਰੈਂਪਟਨ ਦੇ ਵਸਨੀਕ ਹਨ। ਪੁਲੀਸ ਕਿਸੇ ਵੀ ਵਿਅਕਤੀ ਨੂੰ ਚਾਰਾਂ ਦੇ ਟਿਕਾਣਿਆਂ ਬਾਰੇ ਜਾਣਕਾਰੀ ਦੇਣ ਲਈ ਜਾਂਚ ਟੀਮ ਨਾਲ ਸੰਪਰਕ ਕਰਨ ਲਈ ਕਹਿ ਰਹੀ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

### ਕਥਿਤ ਕਤਲ ਯੋਜਨਾ ਦਾ ਨਿਸ਼ਾਨਾ

# ਕੌਣ ਹੈ ਅਮਰੀਕੀ-ਕੈਨੇਡੀਅਨ ਨਾਗਰਿਕ ਵਕੀਲ ਗੁਰਪਤਵੰਤ ਸਿੰਘ ਪਨੂੰ

ਓਟਵਾ-ਇਕ ਦਹਾਕਾ ਪਹਿਲਾਂ ਇਸ ਮਹੀਨੇ ਵਕੀਲ ਗੁਰਪਤਵੰਤ ਸਿੰਘ ਪਨੂੰ ਅਤੇ ਉਸ ਦਾ ਦੋਸਤ ਹਰਦੀਪ ਸਿੰਘ ਨਿੱਝਰ ਸੰਯੁਕਤ ਰਾਸ਼ਟਰ ਕੋਲ ਇਹ ਪਟੀਸ਼ਨ ਦਾਇਰ ਕਰਨ ਲਈ ਜਨੇਵਾ ਗਏ ਸਨ ਕਿ 1984 ਵਿਚ ਭਾਰਤ ਵਿਚ ਸਿੱਖਾਂ ਦੇ ਵੱਡੇ ਪੱਧਰ 'ਤੇ ਕਤਲੇਆਮ ਨੂੰ ਨਸਲਘਾਤ ਐਲਾਨਿਆਂ ਜਾਵੇ। ਪਨੂੰ ਦਾ ਕਹਿਣਾ ਕਿ ਦੋਵਾਂ ਨੇ ਸਮਰਥਨ ਜੁਟਾਉਣ ਦੀ ਕੋਸ਼ਿਸ ਵਿਚ 2009 ਤੋਂ ਕਈ ਸਾਲ ਸਮੁੱਚੇ ਕੈਨੇਡਾ ਵਿਚ ਗੁਰਦੁਆਰਿਆਂ ਦੀ ਯਾਤਰਾ ਕੀਤੀ ਸੀ। ਅੱਜ ਨਿੱਝਰ ਜਿਊਂਦਾ ਨਹੀਂ, ਉਸ ਦੀ ਜੂਨ ਮਹੀਨੇ ਬੀਸੀ ਵਿਚ ਸਰੀ ਦੇ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਭਰੋਸੇਯੋਗ ਦੋਸ਼ਾਂ ਨੇ ਨਿੱਝਰ ਦੀ ਹੱਤਿਆ ਨੂੰ ਭਾਰਤ ਸਰਕਾਰ ਨਾਲ ਜੋੜਿਆ ਹੈ। ਇਸੇ ਦੌਰਾਨ ਅਮਰੀਕੀ ਪ੍ਰੌਸੀਕਿਊਟਰਾਂ ਨੇ ਦੱਸਿਆ ਕਿ ਪਨੂੰ ਕਥਿਤ ਅੰਤਰਰਾਸ਼ਟਰੀ ਸਾਜਿਸ਼ ਦਾ ਕੇਂਦਰ ਸੀ ਜਿਸ ਵਿਚ ਉਸ ਦੀ ਹੱਤਿਆ ਕੀਤੀ ਜਾਣੀ ਸੀ ਅਤੇ ਇਹ ਸਾਜਿਸ਼ ਭਾਰਤ ਸਰਕਾਰ ਦੇ ਇਕ ਅਫਸਰ ਨੇ ਰਚੀ ਸੀ। ਨਿਊਯਾਰਕ ਦੀ ਅਦਾਲਤ ਵਿਚ ਜਨਤਕ ਕੀਤੇ ਗਏ ਇਕ ਦੋਸ਼ ਵਿਚ ਕਿਹਾ ਗਿਆ ਕਿ ਭਾਰਤੀ ਅਧਿਕਾਰੀ ਨੇ ਕਤਲ ਲਈ 52 ਸਾਲਾ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਭਰਤੀ ਕੀਤਾ ਸੀ। ਦਸਤਾਵੇਜ਼ ਵਿਚ ਕਥਿਤ ਨਿਸ਼ਾਨੇ ਦਾ ਨਾਂਅ ਦਾ ਜ਼ਿਕਰ ਨਹੀਂ ਪਰ ਇਸ ਤੋਂ ਪਹਿਲਾਂ ਅਮਰੀਕੀ ਅਧਿਕਾਰੀਆਂ ਨੇ ਉਸ ਦੀ ਪਨੂੰ ਵਜੋਂ ਪਛਾਣ ਕੀਤੀ ਸੀ। ਪਿਛਲੇ ਕਈ ਸਾਲਾਂ ਤੋਂ ਪਨੂੰ ਜਿਹੜਾ ਕਹਿੰਦਾ ਹੈ ਕਿ ਉਸ ਕੋਲ ਅਮਰੀਕਾ ਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ ਭਾਰਤ ਸਰਕਾਰ ਦੀਆਂ ਅੱਖਾਂ ਵਿਚ ਰੜਕ ਰਿਹਾ ਹੈ ਜਿਹੜੀ ਉਸ ਨੂੰ ਆਜ਼ਾਦ ਸਿੱਖ ਰਾਜ ਜਿਸ ਨੂੰ ਖਾਲਿਸਤਾਨ ਵਜੋਂ ਜਾਣਿਆਂ ਜਾਂਦਾ ਹੈ ਦੇ ਸਮਰਥਨ ਵਿਚ ਉਸ ਦੀਆਂ ਸਰਗਰਮੀਆਂ ਕਾਰਨ ਅੱਤਵਾਦੀ ਕਹਿੰਦੀ ਹੈ। ਦੂਸਰੇ ਪਾਸੇ ਨਿਊਯਾਰਕ ਦੇ ਵਕੀਲ ਪਨੂੰ ਭਾਰਤ ਸਰਕਾਰ ਦੀ ਨਿਖੇਧੀ ਵਾਲੀਆਂ ਮੀਡੀਆ ਪੋਸਟਾਂ ਲਈ ਜਾਣਿਆਂ ਜਾਂਦਿਆਂ ਹੈ ਜਿਸ ਨੇ ਕੈਨੇਡਾ ਵਿਚ ਅਧਿਕਾਰੀਆਂ ਦਾ ਧਿਆਨ ਖਿੱਚਿਆ ਹੈ। ਇਕ ਤਾਜ਼ਾ ਪੋਸਟ ਵਿਚ ਪਨੂੰ ਨੇ ਸਿੱਖਾਂ ਨੂੰ ਏਅਰ ਇੰਡੀਆ ਵਿਚ ਇਕ ਖ਼ਾਸ ਦਿਨ ਸਫਰ ਨਾ ਕਰਨ ਲਈ ਕਿਹਾ ਜਿਸ ਨੂੰ ਆਰਸੀਐਮਪੀ ਨੇ ਧਮਕੀ ਆਖਿਆ ਪਰ ਪਨੂੰ ਦਾ ਕਹਿਣਾ ਕਿ ਧਮਕੀ ਵਾਲੀ ਕੋਈ ਗੱਲ ਨਹੀਂ। ਪਨੂੰ ਨੇ ਕਿਹਾ ਕਿ ਆਰਸੀਐਮਪੀ ਨੂੰ ਅੱਤਵਾਦੀ ਖਤਰੇ ਦੀ ਜਾਂਚ ਕਰਨ ਦਾ ਹਰੇਕ ਹੱਕ ਹੈ। ਜੇਕਰ ਉਹ ਸਮਝਦੇ ਹਨ ਕਿ ਸਿਵਲ ਨਾਫੁਰਮਾਨੀ ਵਜੋਂ ਏਅਰ ਇੰਡੀਆ ਦੇ ਬਾਈਕਾਟ ਨੂੰ ਇਕ ਦਹਿਸ਼ਤ ਦੀ ਗੱਲ ਹੈ ਤਾਂ ਉਨ੍ਹਾਂ ਨੂੰ ਜਾਂਚ ਕਰਨ ਦਿਉ। ਪਨੂੰ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਬਿਜਨਸ



ਐਡਮਨਿਸਟਰੇਸ਼ਨ ਵਿਚ ਮਾਸਟਰ ਡਿਗਰੀ ਕਰਨ ਤੋਂ ਪਹਿਲਾਂ ਅੰਡਰਗਰੈਜੂਏਟ ਡਿਗਰੀ ਲਈ ਉਹ 1992 ਵਿਚ ਅਮਰੀਕਾ ਆਇਆ ਸੀ। ਉਸ ਨੇ 2003 ਤਕ ਵਿੱਤੀ ਕੰਪਨੀਆਂ ਲਈ ਵਾਲ ਸਟਰੀਟ 'ਤੇ ਕੰਮ ਕੀਤਾ। ਉਸ ਨੇ 1999 ਵਿਚ ਨਿਊਯਾਰਕ ਵਿਚ ਕਾਨੂੰਨ ਦੀ ਪੜ੍ਹਾਈ ਕਰਨੀ ਸ਼ੁਰੂ ਕੀਤੀ ਜਿਹੜੀ 2003 ਵਿਚ ਖਤਮ ਹੋਈ। ਕਾਨੂੰਨ ਦੀ ਪੜ੍ਹਾਈ ਕਰਦਿਆਂ ਉਸ ਨੇ ਕੈਨੇਡਾ ਦੀ ਨਾਗਰਿਕਤਾ ਲਈ ਅਪਲਾਈ ਕੀਤਾ ਕਿਉਂਕਿ ਇਸ ਦੀ ਅਹਿਮੀਅਤ ਹੈ। ਪਨੂੰ ਆਖਦਾ ਹੈ ਕਿ ਉਹ ਕੈਨੇਡਾ ਵਿਚ ਵਕਾਲਤ ਕਰਨਾ ਚਾਹੁੰਦਾ ਸੀ ਪਰ ਉਸ ਦੇ ਦਿਮਾਗ ਵਿਚ ਇਕ ਹੋਰ ਪ੍ਰੇਰਣਾ ਸੀ। 2004 ਵਿਚ ਉਸ ਨੇ 2018 ਤਕ ਬਹੁਤ ਸਮਾਂ ਕੈਨੇਡਾ, ਖ਼ਾਸਕਰ ਓਨਟਾਰੀਓ ਵਿਚ ਗੁਜ਼ਾਰਿਆ ਜਦੋਂ ਖਾਲਿਸਤਾਨ ਰਾਏਸ਼ੁਮਾਰੀ ਦੀ ਗੱਲ ਜ਼ੋਰਾਂ 'ਤੇ ਸੀ। ਉਹ ਹੁਣ ਨਿਊਯਾਰਕ ਵਿਚ ਰਹਿੰਦਾ ਹੈ। ਪਨੂੰ ਦਾ ਕਹਿਣਾ ਕਿ ਭਾਰਤ ਸਰਕਾਰ ਉਸ ਨੂੰ ਸਿੱਖਸ ਫਾਰ ਜਸਟਿਸ ਸੰਗਠਨ ਲਈ ਕੰਮ ਕਰਨ ਬਦਲੇ ਮਾਰਨਾ ਚਾਹੁੰਦੀ ਹੈ ਜਿਹੜਾ ਭਾਰਤੀ ਪੰਜਾਬ ਵਿਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੀ ਸਿਰਜਣਾ ਲਈ ਰਾਏਸ਼ੁਮਾਰੀ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਿਹਾ ਹੈ। ਉਸ ਦਾ ਕਹਿਣਾ ਕਿ ਉਹ ਇਸ ਦਾਅਵੇ ਤੋਂ ਮੁਨਕਰ ਨਹੀਂ ਕਿ ਉਹ ਵੱਖ ਹੋਣ ਦੀ ਵਕਾਲਤ ਕਰ ਰਿਹਾ ਹੈ ਕਿਉਂਕਿ ਸਿੱਖ ਭਾਰਤੀ ਹਕੂਮਤਾਂ ਤਹਿਤ ਆਪਣੀ ਹੋਂਦ ਲਈ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। 2020 ਦਾ ਭਾਰਤ ਸਰਕਾਰ ਦਾ ਦਸਤਾਵੇਜ਼ ਪਨੂੰ ਨੂੰ ਅੱਤਵਾਦੀ ਕਹਿੰਦਾ ਹੈ ਅਤੇ ਉਸ 'ਤੇ ਹਿੰਸਾ ਫੈਲਾਉਣ ਜਾਂ ਸ਼ਾਂਤੀ ਭੰਗ ਕਰਨ ਲਈ ਨੌਜਵਾਨਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਨ ਦਾ ਦੋਸ਼ ਹੈ। ਭਾਰਤ ਸਰਕਾਰ ਦਾ ਗਜਟ ਕਹਿੰਦਾ ਹੈ ਕਿ ਪਨੂੰ ਦੇਸ਼ ਦੀ ਪ੍ਰਭੂਸਤਾ, ਅਖੰਡਤਾ ਅਤੇ ਸੁਰੱਖਿਆ ਨੂੰ ਚੁਣੌਤੀ ਦਿੰਦੇ ਹੋਏ ਪੰਜਾਬ ਦੇ ਗੈਂਗਸਟਰਾਂ ਤੇ ਨੌਜਵਾਨਾਂ ਨੂੰ ਖਾਲਿਸਤਾਨ ਦੀ ਖਾਤਰ ਲੜਾਈ ਕਰਨ ਲਈ ਸੋਸ਼ਲ ਮੀਡੀਆ 'ਤੇ ਅਪੀਲਾਂ ਕਰ ਰਿਹਾ ਹੈ ਅਤੇ ਪ੍ਰਚਾਰ ਕਰ ਰਿਹਾ ਹੈ। ਉਧਰ ਪਨੂੰ ਦਾ ਕਹਿਣਾ ਕਿ ਅੱਤਵਾਦ ਦਾ ਦੋਸ਼ ਭਾਰਤ ਦੀ ਰਾਏਸ਼ੁਮਾਰੀ ਨੂੰ ਰੋਕਣ ਦੀ ਕੋਸ਼ਿਸ ਹੈ ਪਰ ਉਹ ਰੁਕਿਆ ਨਹੀਂ। ਉਸ ਨੇ ਇਕ ਬਿਆਨ ਵਿਚ ਕਿਹਾ ਕਿ ਜੇਕਰ ਖਾਲਿਸਤਾਨ ਲਈ ਰਾਏਸ਼ੁਮਾਰੀ ਕਰਵਾਉਣ ਦੀ ਕੀਮਤ ਮੌਤ ਹੈ ਤਾਂ ਉਹ ਕੀਮਤ ਤਾਰਨ ਲਈ ਤਿਆਰ ਹੈ। ਪਨੂੰ ਦਾ ਕਹਿਣਾ ਕਿ ਅਮਰੀਕਾ ਦੇ ਸੁਪਾਰੀ ਦੇ ਕੇ ਕਤਲ ਕਰਵਾਉਣ ਦੇ ਦੋਸ਼ ਗੁਪਤਾ ਖਿਲਾਫ ਨਹੀਂ ਸਗੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਹਨ। ਉਸ ਨੇ ਮੋਦੀ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲਾ ਆਖਿਆ ਜਿਸ ਦਾ ਆਲੋਚਨਾ ਤੇ ਰਾਜਨੀਤਕ ਵਿਚਾਰਾਂ ਦੀ ਅਸਹਿਮਤੀ ਨੂੰ ਦੁਬਾਉਣ ਲਈ ਹਿੰਸਾ ਵਰਤਣ ਦਾ ਰਿਕਾਰਡ ਰਿਹਾ ਹੈ। ਉਸ ਦਾ ਕਹਿਣਾ ਕਿ ਉਹ ਆਪਣੇ ਜੀਵਨ ਨੂੰ ਖ਼ਤਰਿਆਂ 'ਤੇ ਕੇਂਦਰਿਤ ਹੋਣ ਦੀ ਬਜਾਏ ਅਗਲੀ ਰਾਏਸ਼ੁਮਾਰੀ 'ਤੇ ਧਿਆਨ ਦੇ ਰਿਹਾ ਹੈ ਜਿਹੜੀ ਜਨਵਰੀ ਮਹੀਨੇ ਸੈਨਫ੍ਰਾਂਸਿਸਕੋ ਵਿਚ ਹੋਵੇਗੀ। ਇਸ ਦਾ ਮਤਲਬ ਇਹ ਨਹੀਂ ਕਿ ਉਹ ਲਾਪਰਵਾਹ ਹੈ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਸ ਨੇ ਉਸ ਤਰ੍ਹਾਂ ਦੀ ਸਥਿਤੀ ਨਾਲ ਕਿਵੇਂ ਨਜਿੱਠਣਾ ਹੈ ਜਿਸ ਵਿਚ ਭਾਰਤ ਸਰਕਾਰ ਉਸ ਨੂੰ ਮਾਰਨਾ ਚਾਹੁੰਦੀ ਹੈ।

## ਮਨੀਟੋਬਾ ਦੀ ਐਨਡਪੀ ਦੀ ਸਰਕਾਰ ਨੂੰ ਵੱਡੇ ਵਿਤੀ ਘਾਟੇ ਦਾ ਸਾਹਮਣਾ

ਵਿਨੀਪੈਗ-ਮਨੀਟੋਬਾ ਸਰਕਾਰ ਹੁਣ 1.6 ਅਰਬ ਡਾਲਰ ਦੇ ਵਿੱਤੀ ਘਾਟੇ ਦਾ ਅਨੁਮਾਨ ਲਗਾ ਰਹੀ ਹੈ ਜਿਹੜਾ ਕਿ ਬਸੰਤ ਦੇ ਬਜਟ ਵਿਚ ਲਗਾਏ ਅਨੁਮਾਨ ਤੋਂ ਚਾਰ ਗੁਣਾ ਜ਼ਿਆਦਾ ਹੈ ਅਤੇ ਇਹ ਸੂਬੇ ਦੇ ਕੋਵਿਡ-19 ਮਹਾਂਮਾਰੀ ਤੋਂ ਬਾਹਰਲੇ ਸਮੇਂ ਦੇ ਇਤਿਹਾਸ ਵਿਚ ਸਭ ਤੋਂ ਵੱਡੀ ਗਿਰਾਵਟ ਹੈ। ਮੰਗਲਵਾਰ ਨੂੰ ਜਾਰੀ ਅਪਡੇਟ ਸੂਬੇ ਦੀ ਨਰਮ ਹੋ ਰਹੀ ਅਰਥਵਿਵਸਥਾ ਵੱਲ ਇਸ਼ਾਰਾ ਕਰਦੀ ਹੈ ਜਿਸ ਨਾਲ ਅਨੁਮਾਨਤ ਆਮਦਨ ਕਰ ਰੈਵੀਨਿਊ ਅਤੇ ਮਨੀਟੋਬਾ ਹਾਈਡਰੋ ਦੀ ਗਿਣਤੀ ਵਿਚ ਵੱਡੀ ਗਿਰਾਵਟ ਆਈ ਹੈ। ਕਰਾਊਨ ਯੂਟਿਲਟੀ ਇਸ ਸਾਲ ਮੁਨਾਫੇ ਦੀ ਉਮੀਦ ਕਰ ਰਿਹਾ ਸੀ ਪਰ ਹੁਣ ਗਰਮੀ ਦਾ ਮੌਸਮ ਖੁਸ਼ਕ ਰਹਿਣ ਕਾਰਨ ਨੁਕਸਾਨ ਦੀ ਪੇਸ਼ੀਨਗੋਈ ਕਰ ਰਿਹਾ ਹੈ। ਗਰਮੀਆਂ ਦਾ ਮੌਸਮ ਖੁਸ਼ਕ ਰਹਿਣ ਕਾਰਨ ਬਿਜਲੀ ਪੈਦਾ ਕਰਨ ਵਾਲਾ ਪਾਣੀ ਦਾ ਪੱਧਰ ਘੱਟ ਗਿਆ ਹੈ। ਦੂਸਰੇ ਪਾਸੇ ਮਹਿੰਗਾਈ, ਨਵੀਆਂ ਸਿਹਤ ਸੰਭਾਲ ਲਾਗਤਾਂ ਅਤੇ ਜਨਤਕ ਖੇਤਰ ਦੇ ਤਾਜ਼ਾ ਸਮੂਹਿਕ ਸਮਝੌਤਿਆਂ ਕਾਰਨ ਖਰਚੇ ਵਧ ਰਹੇ ਹਨ। ਅੰਕੜੇ ਵਿੱਤੀ ਸਾਲ ਦੀ ਦੂਸਰੀ ਤਿਮਾਹੀ 30 ਸਤੰਬਰ ਨੂੰ ਖਤਮ ਹੋਣ 'ਤੇ ਸੂਬੇ ਦੇ ਵਿੱਤੀ ਅਨੁਮਾਨਾਂ ਦੀ ਝਲਕ ਦਿੰਦੇ ਹਨ। ਇਹ ਅਨੁਮਾਨ ਸੂਬਾ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਦਾ ਸੀ ਜਿਸ ਵਿਚ ਐਨਡੀਪੀ ਨੇ ਪ੍ਰੋਗਰੈਸਿਵ ਕੰਸਰਵੇਟਿਵਜ਼ ਨੂੰ ਹਰਾਇਆ ਸੀ ਜਿਹੜੀ ਸੱਤ ਸਾਲ ਸਤਾ ਵਿਚ ਰਹੀ ਸੀ। ਪ੍ਰੀਮੀਅਰ ਵੈਬ ਕਿਨਿਊ ਨੇ ਟੋਰੀਜ਼ 'ਤੇ ਦੋਸ਼ ਲਗਾਇਆ ਕਿ ਵੋਟਾਂ ਤੋਂ ਪਹਿਲਾਂ ਉਨ੍ਹਾਂ ਨੇ ਸੂਬੇ ਦੇ ਵਿੱਤੀ ਸਥਿਤੀ ਨੂੰ ਲਕੋਈ ਰੱਖਿਆ ਹੈ। ਉਨ੍ਹਾਂ ਸੂਬੇ ਦੀਆਂ ਕਿਤਾਬਾਂ ਦਾ ਬਾਹਰੀ ਨਿਰੀਖਣ ਕਰਵਾਉਣ ਦਾ ਵਾਅਦਾ ਕੀਤਾ ਹੈ। ਕਿਨਿਊ ਨੇ ਡਾਕਟਰਾਂ ਤੇ ਸਹਾਇਕ ਸਿਹਤ ਪੇਸ਼ੇਵਰਾਂ ਨਾਲ ਗਰਮੀਆਂ ਦੌਰਾਨ ਤਨਖਾਹ ਦਾ ਬੰਦੋਬਸਤ ਕਰਨ ਵਿਚ ਨਾਕਾਮ ਰਹਿਣ ਦਾ ਵੀ ਦੋਸ਼ ਲਗਾਇਆ। ਉਧਰ ਟੌਰੀ ਨੇਤਾ ਤੇ ਸਾਬਕਾ ਪਰੀਮੀਅਰ ਹੀਥਰ ਸਟੀਫਨਸਨ ਨੇ ਕਿਨਿਊ ਦੇ ਦੋਸ਼ਾਂ ਦਾ ਖੰਡਨ ਕੀਤਾ ਹੈ।

## ਅਲਬਰਟਾ ਨੂੰ ਵਿੱਤੀ ਸਾਲ ਵਿਚ 5.5 ਅਰਬ ਡਾਲਰ ਸਰਪਲੱਸ ਰਹਿਣ ਦੀ ਆਸ

ਕੈਲਗਰੀ-ਅਲਬਰਟਾ ਇਸ ਵਿੱਤੀ ਸਾਲ ਵਿਚ 5.5 ਅਰਬ ਡਾਲਰ ਰਕਮ ਦੇ ਸਰਪਲੱਸ ਰਹਿਣ ਦੀ ਆਸ ਕਰਦਾ ਹੈ ਜਿਹੜੀ ਕਿ ਇਸ ਵਲੋਂ ਫਰਵਰੀ ਮਹੀਨੇ ਦੇ ਬਜਟ ਵਿਚ ਕੀਤੀ ਪੇਸ਼ੀਨਗੋਈ ਨਾਲੋਂ ਦੁੱਗਣੀ ਤੋਂ ਵੀ ਜ਼ਿਆਦਾ ਰਕਮ ਹੈ। ਸੂਬੇ ਵਲੋਂ ਇਸ ਸਾਲ ਜੰਗਲਾਂ ਦੀ ਅੱਗ, ਹੜ੍ਹ ਅਤੇ ਸੋਕੇ ਵਰਗੀਆਂ ਕੁਦਰਤੀ ਆਫਤਾਂ ਨਾਲ ਲੜਨ ਲਈ 1.2 ਅਰਬ ਡਾਲਰ ਤੋਂ ਵੀ ਜ਼ਿਆਦਾ ਰਕਮ ਖਰਚ ਕਰਨ ਦੇ ਬਾਵਜੂਦ ਇਹ ਰਕਮ ਸਰਪਲੱਸ ਹੋਈ ਹੈ। ਸੂਬੇ ਦੇ ਵਿੱਤ ਮੰਤਰੀ ਨੇਟ ਹੌਰਨਰ ਨੇ ਆਰਥਿਕਤਾ ਬਾਰੇ ਸਾਲ ਦੇ ਮੱਧ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਪਲੱਸ ਪਹਿਲੇ ਅਨੁਮਾਨ ਨਾਲੋਂ 3,2 ਅਰਬ ਡਾਲਰ ਜ਼ਿਆਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਦੇਸ਼ ਦੇ ਬਹੁਤ ਸਾਰੇ ਹਿੱਸੇ ਵਿਚ ਵਿੱਤੀ ਹੱਲਚਲ ਦੇ ਬਾਵਜੂਦ ਸੂਬਾ ਵਿਕਾਸ ਲਈ ਵਧੀਆ ਸਥਿਤੀ ਵਿਚ ਹੈ। ਉਨ੍ਹਾਂ ਦੱਸਿਆ ਕਿ ਸਾਡਾ ਵਿੱਤੀ ਦ੍ਰਿਸ਼ਟੀਕੋਣ ਮਜ਼ਬੂਤ ਬਣਿਆਂ ਹੋਇਆ ਹੈ ਅਤੇ ਅਸੀਂ ਕੈਨੇਡਾ ਦੇ ਆਰਥਿਕ ਇੰਜਣ ਵਜੋਂ ਆਪਣੀ ਸਥਿਤੀ ਨੂੰ ਕਾਇਮ ਰੱਖਣ ਦੀ ਆਸ ਕਰਦੇ ਹਾਂ। ਹੌਰਨਰ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਸਾਨੂੰ ਉਨ੍ਹਾਂ ਗੱਲਾਂ ਦਾ ਪਤਾ ਹੈ ਜਿਹੜੀਆਂ ਸਾਡੇ ਕੰਟਰੋਲ ਵਿਚ ਨਹੀਂ ਅਤੇ ਅਸੀਂ ਵਧ ਰਹੀਆਂ ਲਾਗਤਾਂ, ਉੱਚੀਆਂ ਵਿਆਜ ਦਰਾਂ ਅਤੇ ਆਮ ਆਰਥਿਕ ਅਨਿਸ਼ਚਤਤਾ ਦੇ ਕਾਰੋਬਾਰਾਂ ਤੇ ਖਪਤਕਾਰਾਂ 'ਤੇ ਪੈ ਰਹੇ ਅਸਰ ਕਾਰਨ ਮੌਜੂਦਾ ਵਿਸ਼ਵ ਅਰਥਵਿਵਸਥਾਵਾਂ ਨੂੰ ਦਰਪੇਸ਼ ਕਈ ਚੁਣੌਤੀਆਂ ਬਾਰੇ ਜਾਗਰੂਕ ਹਾਂ। ਅਸੀਂ ਇਨ੍ਹਾਂ ਚੁਣੌਤੀਆਂ ਤੋਂ ਮੁਕਤ ਨਹੀਂ ਪਰ ਅਸੀਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਮਜ਼ਬੂਤ ਸਥਿਤੀ ਵਿਚ ਹਾਂ।







# 2024 ਦੀ ਪ੍ਰਗਤੀ ਦੇ ਸਾਲ ਵਜੋਂ ਉਡੀਕ ਕਰ ਰਹੇ ਹਨ ਐਸਪੀਐਸ ਚੀਫ ਲਿਪਿੰਸਕੀ

ਸਰੀ-14 ਦਸੰਬਰ ਨੂੰ ਤਿੰਨ ਸਾਲ ਪੂਰੇ ਹੋਣ ਜਾ ਰਹੇ ਹਨ ਜਦੋਂ ਸਰੀ ਪੁਲਿਸ ਸਰਵਿਸ (ਐਸਪੀਐਸ) ਦੇ ਚੀਫ ਕੰਸਟੇਬਲ ਵਜੋਂ ਨੌਰਮ ਲਿਪਿੰਸਕੀ ਨੇ ਅਹੁਦਾ ਸੰਭਾਲਿਆ ਸੀ। 2020 ਵਿਚ ਉਸ ਤਾਰੀਕ ਤਕ ਐਸਪੀਐਸ ਦੀ ਸਥਾਪਨਾ ਨੂੰ ਸਿਰਫ ਚਾਰ ਮਹੀਨੇ ਹੋਏ ਸਨ ਅਤੇ ਚੀਫ਼ ਲਿਪਿੰਸਕੀ ਇਕੋਂ ਇਕ ਮੁਲਾਜ਼ਮ ਸਨ ਜਿਹੜੇ ਸਰੀ ਪੁਲਿਸ ਬੋਰਡ ਅਤੇ ਸਿਟੀ ਆਫ ਸਰੀ ਸਟਾਰਟ ਅੱਪ ਟੀਮ ਨਾਲ ਘਿਰਿਆ ਹੋਇਆ ਸੀ। ਅੱਜ ਐਸਪੀਐਸ ਦੇ 394 ਮੁਲਾਜ਼ਮ ਹਨ ਅਤੇ ਇਸ ਕੋਲ ਇਕ ਸਿੱਖਿਅਤ ਕੁੱਤਾ ਹੈ। ਪੁਲਿਸ ਟਰਾਂਜ਼ੀਸ਼ਨ ਦੀਆਂ ਬੇਮਿਸਾਲ ਚੁਣੌਤੀਆਂ ਅਤੇ 2022 ਦੀਆਂ ਮਿਉਂਸਪਲ ਚੋਣ ਪਿੱਛੋਂ ਦੇਰੀ ਜਿਸ ਦੀ ਆਸ ਨਹੀਂ ਸੀ ਦੇ ਬਾਵਜੂਦ ਐਸਪੀਐਸ ਨੇ ਪਿਛਲੇ ਸਾਲ ਤਰੱਕੀ ਕਰਨੀ ਜਾਰੀ ਰੱਖੀ ਹੈ। ਇਸ ਸਾਲ ਪੁਲਿਸ ਕਾਰਵਾਈਆਂ ਵਿਚ 70 ਹੋਰ ਪੁਲਿਸ ਅਫਸਰ ਤਾਇਨਾਤ ਕੀਤੇ ਗਏ ਹਨ ਅਤੇ ਜੇਆਈਬੀਸੀ ਪੁਲਿਸ ਅਕਾਦਮੀ ਤੋਂ 37 ਰਿਕਰੂਟ ਗਰੈਜੂਏਟ ਹੋਏ ਹਨ। ਐਸਪੀਐਸ ਨੇ ਆਪਣਾ ਪਹਿਲਾ ਕਮਿਊਨਿਟੀ ਯੂਨਿਟ ਵੀ ਸ਼ੁਰੂ ਕੀਤਾ ਹੈ ਜਿਹੜਾ ਸਰੀ ਕਮਿਊਨਿਟੀ ਨਾਲ ਲੰਬੇ ਸਮੇਂ ਦੇ ਸਬੰਧਾਂ ਨੂੰ ਕਾਇਮ ਕਰਨ ਲਈ ਕੰਮ ਕਰਦਾ ਹੈ। ਇਹ ਉਨ੍ਹਾਂ ਗਰੁੱਪਾਂ 'ਤੇ ਵਿਸ਼ੇਸ਼ ਰੂਪ ਵਿਚ ਧਿਆਨ ਦਿੰਦਾ ਹੈ ਜਿਨ੍ਹਾਂ ਦਾ ਪੁਲਿਸ ਪ੍ਰਤੀ ਇਤਿਹਾਸਕ ਅਵਿਸ਼ਵਾਸ਼ ਹੈ। ਚੀਫ਼ ਕੰਸਟੇਬਲ ਨਾਰਮ ਲਿਪਿੰਸਕੀ ਦਾ ਕਹਿਣਾ ਕਿ ਸੂਬਾ ਸਰਕਾਰ ਦਾ ਪੁਲਿਸ ਟਰਾਂਜ਼ੀਸ਼ਨ ਜਾਰੀ ਰੱਖਣ ਦਾ ਫੈਸਲਾ ਅਤੇ ਪੁਲਿਸ ਅਮੈਂਡਮੈਂਟ ਐਕਟ 2023 ਨੂੰ ਹਾਲ ਵਿਚ ਪਾਸ ਕਰਨਾ ਸਰੀ ਪੁਲਿਸ ਸਰਵਿਸ ਦੇ ਭਵਿੱਖ ਲਈ ਨਿਸ਼ਚਤਤਾ ਵਾਲਾ ਸਾਲ ਹੋ ਨਿਬੜਿਆ ਹੈ। ਉਹ ਸੱਚਮੁੱਚ 2024 ਦੀ ਉਡੀਕ ਕਰ ਰਹੇ ਹਨ ਜਦੋਂ ਅਸੀਂ ਟਰਾਂਜ਼ੀਸ਼ਨ ਨੂੰ ਤੇਜ਼ ਕਰਨ ਲਈ ਸਾਰੀਆਂ ਧਿਰਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ।

# ਮੇਅਰ ਲੌਕ ਵਲੋਂ ਨਵੇਂ ਘਰਾਂ ਲਈ ਘੱਟੋ ਘੱਟ ਪਾਰਕਿੰਗ ਸ਼ਰਤਾਂ ਨੂੰ ਖ਼ਤਮ ਕਰਨ ਸਬੰਧੀ ਮਤਾ ਸਵੀਕਾਰ ਕਰਨ ਤੋਂ ਇਨਕਾਰ

ਸਰੀ-ਕੌਂਸਲਰ ਲਿੰਡਾ ਐਨਿਸ ਨੇ ਨਵੇਂ ਹਾਊਸਿੰਗ ਵਿਕਾਸ ਅਤੇ ਰੈਪਿਡ ਟਰਾਂਜ਼ਿਟ ਰੂਟਸ ਦੇ ਨਾਲ ਗੈਰ-ਲਾਭਕਾਰੀ ਘਰਾਂ ਲਈ ਘੱਟੋ ਘੱਟ ਪਾਰਕਿੰਗ ਸ਼ਰਤਾਂ ਨੂੰ ਖਤਮ ਕਰਨ ਦਾ ਸੱਦਾ ਦਿੱਤਾ ਪਰ ਮੇਅਰ ਬਰੈਂਡਾ ਲੌਕ ਨੇ ਉਨ੍ਹਾਂ ਦੇ ਨੋਟਿਸ ਆਫ ਮੋਸ਼ਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਲੌਕ ਨੇ ਕਿਹਾ ਕਿ ਉਹ ਇਸ ਮਤੇ ਨੂੰ ਅੱਗੇ ਲਿਜਾਣ ਦੀ ਇਜਾਜ਼ਤ ਨਹੀਂ ਦੇਵੇਗੀ। ਹਕੀਕਤ ਇਹ ਹੈ ਕਿ ਜਦੋਂ ਐਨਡੀਪੀ ਸਰਕਾਰ ਨੇ ਹਾਲ ਹੀ ਵਿਚ ਆਪਣਾ ਹਾਊਸਿੰਗ ਕਾਨੂੰਨ ਪਾਸ ਕੀਤਾ ਤਾਂ ਉਸ ਨੇ ਸੰਕੇਤ ਦਿੱਤਾ ਕਿ ਉਹ ਕਾਨੂੰਨ ਦੇ ਨਾਲ ਲੋੜੀਂਦੀਆਂ ਨੀਤੀਆਂ ਨੂੰ ਨਵੇਂ ਸਾਲ ਤਕ ਜਾਰੀ ਨਹੀਂ ਕਰੇਗੀ, ਇਸ ਲਈ ਉਹ ਮਹਿਸੂਸ ਕਰਦੀ ਹੈ ਕਿ ਸਟਾਫ ਨੂੰ ਇਹ ਕੰਮ ਕਰਨ ਲਈ ਹੁਕਮ ਦੇਣਾ ਬੇਲੋੜਾ ਹੈ ਕਿਉਂਕਿ ਇਹ ਗੱਲ ਸ਼ਾਇਦ ਸੂਬਾ ਸ਼ਰਤਾਂ ਨਾਲ ਮੇਲ ਨਾ ਖਾਵੇ, ਇਸ ਲਈ ਉਹ ਸੋਚਦੀ ਹੈ ਕਿ ਇਸ ਸਮੇਂ ਇਹ ਕੰਮ ਕਰਨਾ ਸਿਆਣਪ ਨਹੀਂ। ਐਨਿਸ ਨੇ ਤਰਕ ਦਿੱਤਾ ਸੀ ਕਿ ਇਨ੍ਹਾਂ ਘੱਟੋ ਘੱਟ ਪਾਰਕਿੰਗ ਸ਼ਰਤਾਂ ਤੋਂ ਛੁਟਕਾਰਾ ਪਾਉਣ ਨਾਲ ਨਵੇਂ ਘਰਾਂ ਦੇ ਵਿਕਾਸ ਲਈ ਪ੍ਰਵਾਨਗੀ ਵਿਚ ਤੇਜ਼ੀ ਆਵੇਗੀ ਅਤੇ ਘਰ ਹੋਰ ਕਿਫਾਇਤੀ ਹੋ ਜਾਣਗੇ। ਐਨਿਸ ਨੇ ਇਕ ਪ੍ਰੈਸ ਰਿਲੀਜ਼ ਕਰਕੇ ਦੱਸਿਆ ਕਿ ਸਾਈਟ 'ਤੇ ਪਾਰਕਿੰਗ ਬਣਾਉਣ ਨਾਲ ਪ੍ਰਤੀ ਸਟਾਲ 50 ਹਜ਼ਾਰ ਡਾਲਰ ਜਾਂ ਇਸ ਤੋਂ ਵੱਧ ਖਰਚ ਆਉਂਦਾ ਹੈ।




# ਬੱਚਿਆਂ ਦੇ ਦੰਦਾਂ ਦੇ ਡਾਕਟਰ ਨੇ ਸਟਾਫ ਮੈਂਬਰ ਨੂੰ ਗਲਤ ਤਰੀਕੇ ਨਾਲ ਛੂਹਣ ਦਾ ਦੋਸ਼ ਕਬੂਲਿਆ

ਐਬਟਸਫੋਰਡ-ਇਥੋਂ ਦੇ ਬੱਚਿਆਂ ਦੇ ਦੰਦਾਂ ਦੇ ਡਾਕਟਰ ਸੁਕਰੀਤ ਗਰੇਵਾਲ ਜਿਸ ਨੇ ਇਕ ਔਰਤ ਸਟਾਫ ਮੈਂਬਰ ਨੂੰ ਗਲਤ ਤਰੀਕੇ ਨਾਲ ਛੂਹਣ ਦਾ ਦੋਸ਼ ਸਵੀਕਾਰ ਕੀਤਾ ਨੂੰ 6 ਮਹੀਨਿਆਂ ਲਈ ਡਾਕਟਰ ਵਜੋਂ ਪ੍ਰੈਕਟਿਸ ਕਰਨ ਤੋਂ ਮੁਅੱਤਲ ਕਰ ਦਿੱਤਾ ਹੈ। ਬੀਸੀ ਕਾਲਜ ਆਫ ਓਰਲ ਹੈਲਥ ਸਾਇੰਸਜ਼ (ਬੀਸੀਸੀਓਐਚਪੀ) ਨੇ ਇਕ ਨਵੰਬਰ ਨੂੰ ਡਾ. ਗਰੇਵਾਲ ਨਾਲ ਹੋਏ ਸਮਝੌਤੇ ਬਾਰੇ ਪਿਛਲੇ ਦਿਨੀ ਇਕ ਜਨਤਕ ਨੋਟਿਸ ਪੋਸਟ ਕੀਤਾ ਹੈ। ਨੋਟਿਸ ਕਹਿੰਦਾ ਹੈ ਕਿ ਬੀਸੀਸੀਓਐਚਪੀ ਵਲੋਂ ਡਾ. ਗਰੇਵਾਲ ਦੇ ਖਿਲਾਫ ਜਦੋਂ ਜਾਂਚ ਸ਼ੁਰੂ ਕੀਤੀ ਤਾਂ ਉਸ ਨੂੰ ਮਰੀਜ਼ਾਂ ਦਾ ਇਲਾਜ ਕਰਨ ਤੋਂ ਰੋਕ ਦਿੱਤਾ ਗਿਆ ਸੀ ਜਿਸ ਕਾਰਨ ਗਰੇਵਾਲ 19 ਮਈ ਤੋਂ 19 ਨਵੰਬਰ ਤਕ ਆਪਣੀ ਮੁਅੱਤਲੀ ਦਾ ਸਮਾਂ ਪਹਿਲਾਂ ਹੀ ਪੂਰਾ ਕਰ ਚੁੱਕਾ ਹੈ। ਗਰੇਵਾਲ ਐਬਟਸਫੋਰਡ ਵਿਚ ਮੈਕਲਮ ਰੋਡ 'ਤੇ ਬੱਚਿਆਂ ਦਾ ਓਰਲ ਕੇਅਰ ਸੈਂਟਰ ਚਲਾਉਂਦਾ ਸੀ ਪਰ ਉਹ ਹੁਣ ਉਥੇ ਕੰਮ ਨਹੀਂ ਕਰਦਾ। ਗਲੋਅ ਪੈਡੀਐਟਰਿਕ ਡੈਂਟਿਸਟਰੀ ਨੇ ਸਤੰਬਰ 2023 ਨੂੰ ਕਲੀਨਿਕ ਅਤੇ ਮਰੀਜ਼ਾਂ ਦੀ ਦੇਖਭਾਲ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਸੀ। ਨੋਟਿਸ ਮੁਤਾਬਿਕ ਅਪ੍ਰੈਲ ਅਤੇ ਜੁਲਾਈ 2022 ਵਿਚਕਾਰ ਤਿੰਨ ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਵਿਚ ਦੋਸ਼ ਲਗਾਇਆ ਗਿਆ ਸੀ ਕਿ ਗਰੇਵਾਲ ਔਰਤ ਸਟਾਫ ਪ੍ਰਤੀ ਜਿਣਸੀ ਦੁਰਵਿਵਹਾਰ ਕਰ ਰਿਹਾ ਹੈ। ਬੀਸੀਸੀਓਐਚਪੀ ਨੇ ਕਿਹਾ ਕਿ ਉਸ ਨੂੰ ਗਰੇਵਾਲ ਦੇ ਦੁਰਵਿਵਹਾਰ ਬਾਰੇ ਤਿੰਨ ਹੋਰ ਸ਼ਿਕਾਇਤਾਂ ਮਿਲੀਆਂ ਜਿਸ ਵਿਚ ਉਸ ਵਲੋਂ ਸਮਝੌਤੇ ਦੀ ਪਾਲਣਾ ਨਾ ਕਰਨ ਸਬੰਧੀ ਸ਼ਿਕਾਇਤ ਵੀ ਸ਼ਾਮਿਲ ਸੀ। ਡਾ. ਗਰੇਵਾਲ ਦੀ ਮੁਅੱਤਲੀ ਤੋਂ ਇਲਾਵਾ ਉਸ ਨੂੰ ਐਥਿਕਸ ਐਂਡ ਬਾਉਂਡਰੀ ਕੋਰਸ ਕਰਨ ਅਤੇ ਕਾਲਜ ਨੂੰ 2000 ਡਾਲਰ ਖਰਚ ਦਾ ਭੁਗਤਾਨ ਕਰਨ ਦਾ ਵੀ ਹੁਕਮ ਦਿੱਤਾ ਗਿਆ ਸੀ।

# ਪੰਜਾਬ ਸਰਕਾਰ ਸੂਬੇ ਵਿਚ ਸੌ ਹੋਰ ਆਮ ਆਦਮੀ ਕਲੀਨਿਕ ਖੋਲ੍ਹੇਗੀ-ਭਗਵੰਤ ਮਾਨ

ਸਫ਼ਾ 1 ਦੀ ਬਾਕੀ

ਅਤੇ ਇਸ ਕੰਮ ਨੂੰ ਇਕ ਸਾਲ ਵਿੱਚ ਪੂਰਾ ਕੀਤਾ ਜਾਵੇਗਾ। ਇਸ ਨਾਲ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਇਲਾਜ ਅਤੇ ਡਾਕਟਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਵਿੱਚ ਮੈਡੀਕਲ ਸਿੱਖਿਆ ਦਾ ਧੁਰਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਨਾਲ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਸੂਬਾ ਸਰਕਾਰ ਦਾ ਪ੍ਰਮੁੱਖ ਖੇਤਰ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਭਾਰਤ ਵਲੋਂ ਪੰਨੂ ਦੀ ਹਵਾਲਗੀ ਲਈ ਅਮਰੀਕਾ ਨੂੰ ਅਪੀਲ

ਸਫ਼ਾ 1 ਦੀ ਬਾਕੀ


## ਅਮਰੀਕਾ ਵੱਲੋਂ ਦਿੱਤੀ ਜਾਣਕਾਰੀ ਮਗਰੋਂ ਜਾਂਚ ਕਮੇਟੀ ਬਣਾਈ-ਐੱਸ. ਜੈਸ਼ੰਕਰ

ਨਵੀਂ ਦਿੱਲੀ: ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਹੈ ਕਿ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਕਰਨ ਸਬੰਧੀ ਸਾਜ਼ਿਸ਼ ਦੀ ਅਮਰੀਕਾ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਭਾਰਤ ਨੇ ਜਾਂਚ ਕਮੇਟੀ ਬਣਾਈ ਹੈ। ਉਨ੍ਹਾਂ ਅੱਜ ਰਾਜ ਸਭਾ 'ਚ ਦੱਸਿਆ ਕਿ ਇਸ ਜਾਣਕਾਰੀ ਦਾ ਦੇਸ਼ ਦੀ ਸੁਰੱਖਿਆ 'ਤੇ ਅਸਰ ਪੈ ਸਕਦਾ ਹੈ। ਅਮਰੀਕਾ ਨੇ ਦੋਸ਼ ਲਾਇਆ ਸੀ ਕਿ ਪੰਨੂ ਨੂੰ ਉਨ੍ਹਾਂ ਦੀ ਸਰਜ਼ਮੀਨ 'ਤੇ ਮਾਰਨ ਲਈ ਭਾਰਤ ਦੀ ਸ਼ਮੂਲੀਅਤ ਸਾਹਮਣੇ ਆਈ ਸੀ ਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਅਮਰੀਕੀ ਦੋਸ਼ਾਂ ਬਾਰੇ ਪੂਰਕ ਸਵਾਲ ਦਾ ਜਵਾਬ ਦਿੰਦਿਆਂ ਜੈਸ਼ੰਕਰ ਨੇ ਕਿਹਾ ਕਿ ਕੇਂਦਰੀ ਮੰਤਰੀਆਂ ਦੇ ਵਿਦੇਸ਼ ਦੌਰਿਆਂ ਸਬੰਧੀ ਮੂਲ ਸਵਾਲ ਨਾਲ ਸਿੱਧੇ ਤੌਰ 'ਤੇ ਇਹ ਸਬੰਧਤ ਨਹੀਂ ਹੈ। ਉਨ੍ਹਾਂ ਕਿਹਾ,"ਜਿਥੋਂ ਤੱਕ ਅਮਰੀਕਾ ਦਾ ਸਬੰਧ ਹੈ ਤਾਂ ਦੋਵੇਂ ਮੁਲਕਾਂ ਵਿਚਕਾਰ ਸੁਰੱਖਿਆ ਸਹਿਯੋਗ ਕਾਰਨ ਸਾਨੂੰ ਖਾਸ ਜਾਣਕਾਰੀ ਦਿੱਤੀ ਗਈ ਸੀ। ਇਹ ਜਾਣਕਾਰੀ ਸਾਡੇ ਲਈ ਚਿੰਤਾ ਦਾ ਵਿਸ਼ਾ ਸੀ ਕਿਉਂਕਿ ਉਹ ਸੰਗਠਤ ਅਪਰਾਧ, ਤਸਕਰੀ ਅਤੇ ਹੋਰ ਮਾਮਲਿਆਂ ਨਾਲ ਸਬੰਧਤ ਸੀ। ਇਨ੍ਹਾਂ ਦਾ ਸਾਡੀ ਆਪਣੀ ਕੌਮੀ ਸੁਰੱਖਿਆ 'ਤੇ ਅਸਰ ਪੈ ਸਕਦਾ ਹੈ ਜਿਸ ਮਗਰੋਂ ਮਾਮਲੇ ਦੀ ਜਾਂਚ ਕਰਾਉਣ ਦਾ ਫ਼ੈਸਲਾ ਲਿਆ ਗਿਆ ਅਤੇ ਜਾਂਚ ਕਮੇਟੀ ਬਣਾਈ ਗਈ ਹੈ।" ਮੰਤਰੀ ਤੋਂ ਇਹ ਵੀ ਸਵਾਲ ਪੁੱਛਿਆ ਗਿਆ ਕਿ ਕੈਨੇਡਾ ਸਰਕਾਰ ਵਲੋਂ ਖਾੜਕੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਲਾਏ ਗਏ ਦੋਸ਼ਾਂ ਮਗਰੋਂ ਉਨ੍ਹਾਂ ਨਾਲ ਕੈਨੇਡਾ ਵਰਗਾ ਵਤੀਰਾ ਕਿਉਂ ਨਹੀਂ ਅਪਣਾਇਆ ਗਿਆ। ਇਸ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਜਿਥੋਂ ਤੱਕ ਕੈਨੇਡਾ ਦਾ ਸਬੰਧ ਹੈ ਤਾਂ ਉਨ੍ਹਾਂ ਸਾਨੂੰ ਕੋਈ ਵੀ ਪੁਖ਼ਤਾ ਸਬੂਤ ਜਾਂ ਜਾਣਕਾਰੀ ਨਹੀਂ ਦਿੱਤੀ। 'ਇਕ ਮੁਲਕ ਨੇ ਸਾਨੂੰ ਜਾਣਕਾਰੀ ਮੁਹੱਈਆ ਕਰਵਾਈ ਜਦਕਿ ਦੂਜੇ ਨੇ ਕੋਈ ਸਬੂਤ ਸਾਂਝਾ ਨਹੀਂ ਕੀਤਾ ਤਾਂ ਫਿਰ ਇਕ ਸਮਾਨ ਵਤੀਰੇ ਦਾ ਸਵਾਲ ਨਹੀਂ ਉੱਠਦਾ ਹੈ।' ਅਮਰੀਕਾ ਨੇ ਪਿਛਲੇ ਮਹੀਨੇ ਭਾਰਤ ਸਰਕਾਰ ਦੇ ਮੁਲਾਜ਼ਮ ਨਿਖਿਲ ਗੁਪਤਾ ਨੂੰ ਗ੍ਰਿਫ਼ਤਾਰ ਕਰਕੇ ਦੋਸ਼ ਲਾਏ ਸਨ ਕਿ ਉਸ ਨੇ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਘੜੀ ਸੀ ਜਿਸ ਨੂੰ ਨਾਕਾਮ ਬਣਾ ਦਿੱਤਾ ਗਿਆ। ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਸਤੰਬਰ ਨੂੰ ਦੋਸ਼ ਲਾਇਆ ਸੀ ਕਿ ਖਾਲਿਸਤਾਨੀ ਵੱਖਵਾਦੀ ਨਿੱਝਰ ਦੀ 18 ਜੂਨ ਨੂੰ ਹੋਈ ਹੱਤਿਆ 'ਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ ਜਿਸ ਨੂੰ ਭਾਰਤ ਨੇ ਸਿਰੇ ਤੋਂ ਖਾਰਜ ਕਰ ਦਿੱਤਾ ਸੀ।

# ਰੈੱਡੀ ਨੇ ਤਿਲੰਗਾਨਾ ਦੇ ਮੁੱਖ ਮੰਤਰੀ ਵਜੋਂ ਹਲਫ਼ ਲਿਆ

ਸਫ਼ਾ 1 ਦੀ ਬਾਕੀ

(ਸੀਥੱਕਾ ਦੇ ਨਾਂ ਨਾਲ ਮਸ਼ਹੂਰ), ਤੁੰਮਲਾ ਨਾਗੇਸ਼ਗਰ ਰਾਓ ਅਤੇ ਜੁਪੱਲੀ ਕ੍ਰਿਸ਼ਨਾ ਰਾਓ ਨੇ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕੀ। ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮਈਆ, ਉਪ ਮੁੱਖ ਮੰਤਰੀ ਡੀਕੇ ਸ਼ਿਵ ਕੁਮਾਰ ਅਤੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੀ ਸਹੁੰ ਚੁੱਕ ਸਮਾਗਮ 'ਚ ਹਾਜ਼ਰ ਹੋਏ। ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਮਗਰੋਂ ਰੇਵੰਤ ਰੈੱਡੀ ਨੇ ਦੋ ਫਾਈਲਾਂ 'ਤੇ ਦਸਤਖਤ ਕੀਤੇ। ਉਨ੍ਹਾਂ 'ਚੋਂ ਇੱਕ ਕਾਂਗਰਸ ਦੀਆਂ ਛੇ ਚੋਣ ਗਾਰੰਟੀਆਂ ਨੂੰ ਅਮਲ ਵਿੱਚ ਲਿਆਉਣ ਨਾਲ ਸਬੰਧਤ ਹੈ ਅਤੇ ਦੂਜੀ ਫਾਈਲ ਰੇਵੰਤ ਰੈੱਡੀ ਵੱਲੋਂ ਅਤੀਤ ਵਿੱਚ ਕੀਤੇ ਗਏ ਵਾਅਦੇ ਅਨੁਸਾਰ ਇੱਕ ਦਿਵਿਆਂਗ ਮਹਿਲਾ ਨੂੰ ਨੌਕਰੀ ਦੇਣ ਨਾਲ ਜੁੜੀ ਹੋਈ ਹੈ। ਸਮਾਗਮ ਦੌਰਾਨ ਰੇਵੰਤ ਰੈੱਡੀ ਨੇ ਆਪਣੀ ਪਤਨੀ ਸਮੇਤ ਸੋਨੀਆ ਗਾਂਧੀ ਦਾ ਆਸ਼ੀਰਵਾਦ ਲਿਆ। ਮੰਤਰੀ ਦੇ ਅਹੁਦੇ ਦੀ ਸਹੁੰ ਚੁੱਕਣ ਮਗਰੋਂ ਸੋਨੀਆ ਨੇ ਸੀਥੱਕਾ ਤੇ ਸੁਰੇਖਾ ਨੂੰ ਗਲ ਨਾਲ ਲਾਇਆ।




# ਅਮਰੀਕੀ ਫੈਡਰਲ ਅਦਾਲਤ ਵਿਚ ਭਾਰਤੀ ਏਜੰਟ ਖਿਲਾਫ ਦੋਸ਼ ਪੱਤਰ...

**ਸੁਖਵਿੰਦਰ ਸਿੰਘ ਚੋਹਲਾ**



ਮੈਨਹਟਨ ਸਥਿਤ ਅਮਰੀਕੀ ਸਰਕਾਰੀ ਵਕੀਲ ਵਲੋਂ ਫੈਡਰਲ ਅਦਾਲਤ ਵਿਚ ਦਾਇਰ ਕੀਤੇ ਗਏ ਦੋਸ਼ ਪੱਤਰ ਵਿਚ ਜੋ ਖੁਲਾਸਾ ਕੀਤਾ ਗਿਆ ਹੈ, ਉਹ ਕੌਮਾਂਤਰੀ ਸਿਆਸਤ ਵਿਚ ਵੱਡੇ ਧਮਾਕੇ ਦੇ ਨਾਲ ਅਮਰੀਕਾ-ਭਾਰਤੀ ਦੁਵੱਲੇ ਸਬੰਧਾਂ ਨੂੰ ਖਤਰੇ ਵਿਚ ਪਾਉਣ ਵਾਲਾ ਹੈ। ਇਸ ਦੋਸ਼ ਪੱਤਰ ਵਿਚ ਇਕ ਭਾਰਤੀ ਨਾਗਰਿਕ ਜਿਸਨੂੰ ਚੈਕ ਗਣਰਾਜ ਵਿਚ ਇਸ ਜੂਨ ਮਹੀਨੇ ਹਿਰਾਸਤ ਵਿਚ ਲਿਆ ਗਿਆ ਹੈ, ਦੀ ਹਵਾਲਗੀ ਲਈ ਚਾਰਾਜੋਈ ਕਰਦਿਆਂ ਦੱਸਿਆ ਗਿਆ ਹੈ ਕਿ ਉਸਨੇ ਇਕ ਹੋਰ ਭਾਰਤੀ ਅਧਿਕਾਰੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਅਮਰੀਕੀ ਧਰਤੀ ਉਪਰ ਇਕ ਅਮਰੀਕੀ ਨਾਗਰਿਕ ਨੂੰ ਮਾਰਨ ਲਈ ਯੋਜਨਾ ਤੇ ਕੰਮ ਕਰਦਿਆਂ ਇਕ ਹਿਟਮੈਨ ਨਾਲ ਇਕ ਲੱਖ ਡਾਲਰ ਵਿਚ ਸੌਦਾ ਕੀਤਾ ਜਦੋਂਕਿ ਇਹ ਹਿਟਮੈਨ ਕੋਈ ਹੋਰ ਨਹੀਂ ਅਮਰੀਕੀ ਖੁਫੀਆ ਏਜੰਸੀ ਦਾ ਇਕ ਅਧਿਕਾਰੀ ਹੀ ਸੀ। ਚੈਕ ਗਣਰਾਜ ਵਿਚ ਫੜੇ ਗਏ ਨਖਿਲ ਗੁਪਤਾ ਨਾਮ ਦੇ ਭਾਰਤੀ ਏਜੰਟ ਨੇ ਅਮਰੀਕਾ ਵਿਚ ਜਿਸ ਵਿਅਕਤੀ ਨਾਲ ਇਸ ਗੁਪਤ ਯੋਜਨਾ ਨੂੰ ਸਿਰੇ ਚਾੜਨ ਲਈ ਗੱਲਬਾਤ ਕੀਤੀ, ਉਸਨੂੰ ਉਸਨੇ ਅਮਰੀਕੀ ਨਾਗਰਿਕ ਦਾ ਨਾਮ, ਪਤਾ ਤੇ ਉਸਦੀਆਂ ਰੋਜਾਨਾ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਭੇਜੀ।

ਕਿਹਾ ਗਿਆ ਹੈ ਕਿ ਗੁਪਤਾ ਨੂੰ ਮਈ ਵਿਚ ਇਕ ਅਣਪਛਾਤੇ ਭਾਰਤੀ ਸਰਕਾਰੀ ਅਧਿਕਾਰੀ ਦੁਆਰਾ ਪੰਨੂ ਦੀ ਹੱਤਿਆ ਦੀ ਯੋਜਨਾ ਬਣਾਉਣ ਲਈ ਭਰਤੀ ਕੀਤਾ ਗਿਆ ਸੀ ਪਰ ਅਮਰੀਕੀ ਖੁਫੀਆ ਏਜੰਸੀਆਂ ਦੇ ਸਤਰਕ ਹੋਣ ਕਾਰਣ ਕਿਸੇ ਵਿਦੇਸ਼ੀ ਏਜੰਟ ਵਲੋਂ ਅਮਰੀਕੀ ਧਰਤੀ ਉਪਰ ਇਕ ਅਮਰੀਕੀ ਨਾਗਰਿਕ ਨੂੰ ਮਾਰੇ ਜਾਣ ਦੀ ਯੋਜਨਾ ਨਾਕਾਮ ਕਰ ਦਿੱਤੀ ਗਈ। ਭਾਵੇਂਕਿ ਅਦਾਲਤੀ ਦੋਸ਼ ਪੱਤਰ ਵਿਚ ਅਮਰੀਕੀ ਨਾਗਰਿਕ ਦੇ ਨਾਮ ਦਾ ਖੁਲਾਸਾ ਨਹੀ ਕੀਤਾ ਗਿਆ ਪਰ ਸਰੋਤਾਂ ਨੇ ਜਾਹਰ ਕੀਤਾ ਕਿ ਹੈ ਕਿ ਭਾਰਤੀ ਏਜੰਟ ਦਾ ਨਿਸ਼ਾਨਾ ਸਿਖਸ ਫਾਰ ਜਸਟਿਸ ਦਾ ਆਗੂ ਗੁਰਪਤਵੰਤ ਸਿੰਘ ਪੰਨੂ ਸੀ। ਭਾਰਤੀ ਏਜੰਟ ਨੇ ਅਮਰੀਕੀ ਹਿਟਮੈਨ ( ਅੰਡਰਕਵਰ ਅਫਸਰ) ਨੂੰ ਇਹ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ ਉਸਨੂੰ ਇਹ ਵੀ ਦੱਸਿਆ ਕਿ ਉਹਨਾਂ ਦੇ ਨਿਸ਼ਾਨੇ ਉਪਰ ਤਿੰਨ ਚਾਰ ਹੋਰ ਵਿਅਕਤੀ ਵੀ ਹਨ ਜਿਹਨਾਂ ਨੂੰ ਮਾਰਨ ਲਈ ਇਕ ਚੰਗੀ ਟੀਮ ਦੀ ਲੋੜ ਹੈ। ਉਸਨੇ ਕੈਨੇਡਾ ਵਿਚ ਜੂਨ ਮਹੀਨੇ ਕਤਲ ਕੀਤੇ ਗਏ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਤੇ ਦੱਸਿਆ ਕਿ ਹੁਣ ਉਸਦੀ ਚਿੰਤਾ ਕਰਨ ਦੀ ਲੋੜ ਨਹੀ ਕਿਉਂਕਿ ਉਸਦਾ ਕੰਮ ਕਰ ਦਿੱਤਾ ਗਿਆ ਹੈ। ਉਸਨੇ ਅਮਰੀਕੀ ਏਜੰਟ ਨੂੰ ਨਿੱਝਰ ਦੇ ਕਤਲ ਉਪਰੰਤ ਲਈਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ।

ਅਮਰੀਕੀ ਅਦਾਲਤ ਵਿਚ ਇਕ ਭਾਰਤੀ ਏਜੰਟ ਖਿਲਾਫ ਦੋਸ਼ ਪੱਤਰ ਦਾਇਰ ਹੋਣ ਉਪਰੰਤ ਕੈਨੇਡਾ ਨੇ ਆਪਣੇ ਦੋਸ਼ਾਂ ਨੂੰ ਮੁੜ ਦੁਹਰਾਉਂਦਿਆਂ ਭਾਰਤ ਸਰਕਾਰ ਨੂੰ ਜਾਂਚ ਵਿਚ ਸਹਿਯੋਗ ਦੇਣ ਦੀ ਗੱਲ ਕਹੀ ਹੈ। ਭਾਰਤ ਸਰਕਾਰ ਨੇ ਭਾਵੇਂਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਕਿਸੇ ਤਰਾਂ ਦੇ ਹੱਥ ਹੋਣ ਤੋਂ ਇਨਕਾਰ ਕੀਤਾ ਹੈ ਪਰ ਹੈਰਾਨੀਜਨਕ ਗੱਲ ਇਹ ਹੈ ਕਿ ਅਮਰੀਕਾ ਵਲੋਂ ਇਕ ਭਾਰਤੀ ਨਾਗਰਿਕ ਖਿਲਾਫ ਇਕ ਅਮਰੀਕੀ ਨਾਗਰਿਕ ਨੂੰ ਕਤਲ ਦੀ ਸੁਪਾਰੀ ਦਿੱਤੇ ਜਾਣ ਲਈ ਦਾਇਰ ਕੀਤੇ ਦੋਸ਼ ਪੱਤਰ ਨੂੰ ਗੰਭੀਰ ਮਸਲਾ ਕਰਾਰ ਦਿੰਦਿਆਂ ਇਸ ਮਾਮਲੇ ਦੀ ਜਾਂਚ ਕਰਵਾਏ ਜਾਣਾ ਮੰਨ ਲਿਆ ਹੈ। ਰਿਪੋਰਟਾਂ ਹਨ ਕਿ ਜਦੋਂ ਅਮਰੀਕਾ ਪ੍ਰਸਾਸ਼ਨ ਨੇ ਕੁਝ ਸਮਾਂ ਪਹਿਲਾਂ ਸਿਖਸ ਫਾਰ ਜਸਟਿਸ ਦੇ ਆਗੂ ਪੰਨੂੰ ਨੂੰ ਮਾਰੇ ਜਾਣ ਦੀ ਸਾਜਿਸ਼ ਨਾਕਾਮ ਕੀਤੇ ਜਾਣ ਦਾ ਖੁਲਾਸਾ ਕੀਤਾ ਸੀ ਤਾਂ ਅਮਰੀਕਾ ਨੇ ਇਸ ਸਬੰਧੀ ਭਾਰਤ ਸਰਕਾਰ ਨੂੰ ਜਾਣੂ ਕਰਵਾਇਆ ਸੀ ਕਿ ਉਸਦੀ ਕਿਸੇ ਵੀ ਖੁਫੀਆ ਏਜੰਸੀ ਦਾ ਅਮਰੀਕਾ ਵਿਚ ਅਜਿਹਾ ਦਖਲ ਕਦਾਚਿਤ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਦੱਸਿਆ ਗਿਆ ਹੈ ਕਿ ਖੁਫੀਆ ਏਜੰਸੀ ਸੀ ਆਈ ਏ ਦਾ ਇਕ ਅਧਿਕਾਰੀ ਅਮਰੀਕੀ ਨਾਰਾਜ਼ਗੀ ਤੋਂ ਭਾਰਤ ਸਰਕਾਰ ਨੂੰ ਬਾਕਾਇਦਾ ਜਾਣੂ ਕਰਵਾਉਣ ਲਈ ਇੰਡੀਆ ਵੀ ਗਿਆ ਸੀ। ਵਾਈਟਹਾਊਸ ਦੇ ਸੁਰੱਖਿਆ ਸਲਾਹਕਾਰ ਜੈਕ ਸੁਲੀਵਨ ਨੇ ਭਾਰਤੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਬਾਕਾਇਦਾ ਮੀਟਿੰਗ ਕੀਤੀ ਤੇ ਅੱਗੋ ਤੋਂ ਅਜਿਹਾ ਨਾ ਵਾਪਰਨ ਲਈ ਚੌਕਸ ਕੀਤਾ ਵਰਨਾ ਦੋਵਾਂ ਮੁਲਕਾਂ ਦੇ ਸਬੰਧ ਅਸਰਅੰਦਾਜ਼ ਹੋ ਸਕਦੇ ਹਨ। ਜਿਕਰ ਇਹ ਵੀ ਹੈ ਕਿ ਇਸ ਸਤੰਬਰ ਮਹੀਨੇ ਦਿੱਲੀ ਵਿਚ ਜੀ-20 ਦੇ ਸੰਮੇਲਨ ਦੌਰਾਨ ਰਾਸ਼ਟਰਪਤੀ ਬਾਇਡਨ ਨੇ ਖੁਦ ਪ੍ਰਧਾਨ ਮੰਤਰੀ ਮੋਦੀ ਕੋਲ ਵੀ ਰੋਸ ਪ੍ਰਗਟ ਕੀਤਾ ਸੀ। ਸ਼ਾਇਦ ਅਮਰੀਕਾ ਵਲੋਂ ਸਖਤ ਸੰਦੇਸ਼ ਭੇਜੇ ਜਾਣ ਕਾਰਣ ਹੀ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੰਨਿਆ ਹੈ ਕਿ ਭਾਰਤ ਨੇ ਅਮਰੀਕਾ ਵਲੋਂ ਲਗਾਏ ਦੋਸ਼ਾਂ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਮਾਮਲੇ ਦੀ ਜਾਂਚ ਕਰਵਾਈ ਜਾ ਰਹੀ ਹੈ। ਅਗਰ ਭਾਰਤ ਨੇ ਅਮਰੀਕੀ ਦਬਾਅ ਨੂੰ ਮੰਨਦਿਆਂ ਮਾਮਲੇ ਦੀ ਜਾਂਚ ਕਰਵਾਉਣ ਦੀ ਹਾਮੀ ਭਰੀ ਹੈ ਤਾਂ ਸਮਝਿਆ ਜਾ ਸਕਦਾ ਹੈ ਕਿ ਸਭ ਠੀਕ ਨਹੀ ਹੈ। ਭਾਰਤ ਅਕਸਰ ਅਮਰੀਕਾ, ਕੈਨੇਡਾ ਤੇ ਯੂਕੇ ਵਿਚ ਵੱਖਵਾਦੀ ਤਾਕਤਾਂ ਨੂੰ ਸ਼ਹਿ ਦੇਣ ਅਤੇ ਭਾਰਤ ਖਿਲਾਫ ਭੰਡੀ ਪ੍ਰਚਾਰ ਦੀ ਸ਼ਿਕਾਇਤ ਕਰਦਾ ਰਿਹਾ ਹੈ। ਉਸ ਵਲੋਂ ਕਈ ਵੱਖਵਾਦੀ ਨੇਤਾਵਾਂ ਖਿਲਾਫ ਭਾਰਤ ਵਿਚ ਕੇਸ ਦਰਜ ਹੋਣ ਦਾ ਹਵਾਲਾ ਦਿੰਦਿਆਂ ਉਹਨਾਂ ਨੂੰ ਅਤਵਾਦੀ ਐਲਾਨਦਿਆਂ ਹਵਾਲਗੀ ਲਈ ਚਾਰਾਜੋਈ ਵੀ ਕੀਤੀ ਗਈ ਹੈ। ਅਗਰ ਕਿਸੇ ਮੁਲਕ ਵਿਚ ਕਿਸੇ ਵਿਅਕਤੀ ਨੇ ਕੋਈ ਅਪਰਾਧ ਕੀਤਾ ਹੈ ਜਾਂ ਕਿਸੇ ਮਾਨਵਤਾ ਵਿਰੋਧੀ ਅਪਰਾਧ ਵਿਚ ਸ਼ਾਮਿਲ ਹੈ ਤਾਂ ਉਸਦੇ ਖਿਲਾਫ ਕੌਮਾਂਤਰੀ ਕਨੂੰਨ ਮੁਤਾਬਿਕ ਕਾਰਵਾਈ ਸੰਭਵ ਹੈ ਪਰ ਕਿਸੇ ਅਲਗ ਵਿਚਾਰਧਾਰਾ ਜਾਂ ਸਿਆਸੀ ਵਖਰੇਵਿਆਂ ਕਾਰਣ ਕਿਸੇ ਵਿਅਕਤੀ ਵਿਸ਼ੇਸ਼ ਨੂੰ ਨਿਸ਼ਾਨਾ ਬਣਾਉਣ ਦੀ ਕਾਰਵਾਈ ਨੂੰ ਕਿਸੇ ਵੀ ਹਾਲਤ ਵਿਚ ਸਵੀਕਾਰ ਨਹੀ ਕੀਤਾ ਜਾ ਸਕਦਾ। ਹਰ ਮੁਲਕ ਦਾ ਆਪਣਾ ਖੁਫੀਆ ਤੇ ਸੁਰੱਖਿਆ ਤੰਤਰ ਹੈ। ਪਰ ਇਸ ਖੁਫੀਆ ਤੰਤਰ ਦੀਆਂ ਕਾਰਵਾਈਆਂ ਕਦੇ ਜਨਤਕ ਨਹੀ ਹੁੰਦੀਆਂ। ਅਮਰੀਕਾ ਵਲੋਂ ਆਪਣੇ ਖੁਫੀਆ ਤੰਤਰ ਦੀਆਂ ਸੂਚਨਾਵਾਂ ਤੇ ਜਾਣਕਾਰੀਆਂ ਨੂੰ ਨਸ਼ਰ ਕੀਤੇ ਜਾਣ ਪਿੱਛੇ ਕੀ ਭਾਵਨਾ ਕੰਮ ਕਰ ਰਹੀ ਹੈ, ਬਹੁਤ ਹੀ ਉਲਝਣ ਭਰਪੂਰ ਹੈ। ਇਸਦੇ ਪਿੱਛੇ ਸਿਆਸੀ ਨਫਾ -ਨੁਕਸਾਨ ਤੇ ਗਿਣਤੀਆਂ ਮਿਣਤੀਆਂ ਕੀ ਹਨ, ਇਹ ਸਮਝਣਾ ਮੁਸ਼ਕਲ ਤਾਂ ਹੈ ਪਰ ਅਸੰਭਵ ਨਹੀਂ। ਵਿਸ਼ਵ ਸਿਆਸਤ ਵਿਚ ਅਮਰੀਕਾ ਤੇ ਉਸਦੇ ਭਾਈਵਾਲ ਆਪਣੇ ਵਿਰੋਧੀਆਂ ਤੇ ਗੁਟ ਨਿਰਲੇਪ ਤਾਕਤਾਂ ਨੂੰ ਕਿਵੇਂ ਵਰਤਦੇ ਜਾਂ ਪੱਖ ਤੇ ਵਿਰੋਧ ਵਿਚ ਭੁਗਤਣ ਲਈ ਕੀ ਹੱਥਕੰਡੇ ਵਰਤਦੇ ਹਨ,ਆਮ ਵਿਅਕਤੀ ਦੀ ਸਮਝ ਤੋ ਬਾਹਰਾ ਹੈ ਪਰ ਸਿਆਸੀ ਵਿਸ਼ਲੇਸ਼ਕਾਂ ਦੀ ਪਕੜ ਵਿਚ ਹੈ। ਭਾਰਤ ਵਰਗਾ ਮੁਲਕ ਜਿਥੇ ਸਿਆਸੀ ਧਿਰਾਂ ਵਲੋਂ ਫਿਰਕਾਪ੍ਰਸਤੀ,ਖੇਤਰਵਾਦ, ਵੱਖਵਾਦ ਤੇ ਅੱਤਵਾਦ ਦਾ ਹਊਆ ਵੋਟਾਂ ਬਟੋਰਨ ਤੇ ਸੱਤਾ ਹਥਿਆਉਣ ਦੇ ਸਾਧਨ ਮਾਤਰ ਹਨ, ਉਸ ਸੌੜੀ ਰਾਜਨੀਤੀ ਵਿਚ ਅਮਰੀਕੀ ਵਿਦੇਸ਼ ਨੀਤੀ ਦੀ ਭੂਮਿਕਾ ਕਿਸ ਧਿਰ ਦੇ ਪੱਖ ਤੇ ਵਿਰੋਧ ਵਿਚ ਭੁਗਤਣ ਵਾਲੀ ਹੈ, ਇਹ ਸਭ ਵਿਚਾਰਨਯੋਗ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਐੱਫਬੀਆਈ ਡਾਇਰੈਕਟਰ ਦਾ ਭਾਰਤ ਦੌਰਾ ਅਗਲੇ ਹਫ਼ਤੇ

ਨਵੀਂ ਦਿੱਲੀ: ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫਬੀਆਈ) ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਅਗਲੇ ਹਫ਼ਤੇ ਭਾਰਤ ਆਉਣਗੇ। ਉਨ੍ਹਾਂ ਦਾ ਭਾਰਤ ਦੌਰਾ ਉਸ ਸਮੇਂ ਹੋ ਰਿਹਾ ਹੈ ਜਦੋਂ ਅਮਰੀਕਾ ਨੇ ਖਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਨੂੰ ਆਪਣੀ ਸਰਜ਼ਮੀਨ ‘ਤੇ ਮਾਰਨ ਦੀ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਦੋਸ਼ ਲਾਇਆ ਹੈ ਕਿ ਇਸ ‘ਚ ਭਾਰਤ ਨਾਲ ਜੁੜੇ ਏਜੰਟਾਂ ਦਾ ਵੀ ਹੱਥ ਸੀ। ਭਾਰਤ ਵਿੱਚ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਨੇ ਦਿੱਲੀ ਵਿੱਚ ਇਕ ਸਮਾਗਮ ਦੌਰਾਨ ਕ੍ਰਿਸਟੋਫਰ ਰੇਅ ਦੇ ਦੌਰੇ ਦੀ ਪੁਸ਼ਟੀ ਕੀਤੀ ਹੈ। ਰੇਅ ਵੱਲੋਂ ਭਾਰਤੀ ਸੁਰੱਖਿਆ ਏਜੰਸੀਆਂ ਨਾਲ ਜੁੜੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕੀਤੇ ਜਾਣ ਦੀ ਵੀ ਸੰਭਾਵਨਾ ਹੈ। ਅਮਰੀਕੀ ਪ੍ਰਿੰਸੀਪਲ ਡਿਪਟੀ ਐੱਨਐੱਸਏ ਜੋਨਾਥਨ ਫਾਈਨਰ ਨੇ ਇਸ ਹਫ਼ਤੇ ਭਾਰਤ ਦਾ ਦੌਰਾ ਕਰਕੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਐੱਨਐੱਸਏ ਅਜੀਤ ਡੋਵਾਲ, ਵਿਦੇਸ਼ ਸਕੱਤਰ ਵਿਨੈ ਕਵਾਤਰਾ ਅਤੇ ਡਿਪਟੀ ਐੱਨਐੱਸਏ ਵਿਕਰਮ ਮਿਸਰੀ ਨਾਲ ਮੁਲਾਕਾਤ ਕਰਕੇ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਲਈ ਜ਼ਿੰਮੇਵਾਰ ਭਾਰਤੀਆਂ ਨੂੰ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਸੀ। ਭਾਰਤ ਨੇ ਪਹਿਲਾਂ ਹੀ ਇਸ ਸਬੰਧੀ ਜਾਂਚ ਟੀਮ ਬਣਾ ਦਿੱਤੀ ਹੈ ਅਤੇ ਕਿਹਾ ਹੈ ਕਿ ਉਹ ਜਾਂਚ ਦੇ ਆਧਾਰ ‘ਤੇ ਕਾਰਵਾਈ ਕਰਨਗੇ।

# ਸ਼ਰਾਰਤੀਆਂ ਨੇ ਸਿਨੇਮਾ ਘਰਾਂ ਅੰਦਰ ਕੀਤਾ ਰਸਾਇਣਕ ਸਪਰੇਅ

ਟੋਰਾਂਟੋ-ਕੈਨੇਡਾ ਦੇ ਗਰੇਟਰ ਟੋਰਾਂਟੋ ਖੇਤਰ ਵਿਚਲੇ ਤਿੰਨ ਸਿਨੇਮਾਘਰਾਂ ‘ਚ ਕੁਝ ਅਣਪਛਾਤਿਆਂ ਨੇ ਕਿਸੇ ਰਸਾਇਣ ਦਾ ਸਪਰੇਅ ਕਰ ਦਿੱਤਾ ਜਿਸ ਕਾਰਨ ਫਿਲਮ ਦੇਖ ਰਹੇ ਦਰਸ਼ਕਾਂ ਨੂੰ ਤੁਰੰਤ ਸਿਨੇਮਾ ਘਰਾਂ ‘ਚੋਂ ਬਾਹਰ ਕੱਢਣਾ ਪਿਆ। ਇਸ ਘਟਨਾ ਮੌਕੇ ਸਿਨੇਮਾ ਘਰਾਂ ‘ਚ ਹਿੰਦੀ ਫਿਲਮ ਦਿਖਾਈ ਜਾ ਰਹੀ ਸੀ। ਪੁਲੀਸ ਤੇ ਮੀਡੀਆ ਰਿਪੋਰਟਾਂ ਅਨੁਸਾਰ ਇਹ ਘਟਨਾ ਲੰਘੇ ਮੰਗਲਵਾਰ ਨੂੰ ਰਾਤ 9.20 ਵਜੇ ਵੌਘਨ ਦੇ ਸਿਨੇਮਾ ਕੰਪਲੈਕਸ ‘ਚ ਵਾਪਰੀ। ਪੁਲੀਸ ਨੇ ਦੱਸਿਆ ਕਿ ਚਲਦੀ ਫਿਲਮ ਦੌਰਾਨ ਕੁਝ ਅਣਪਛਾਤੇ ਵਿਅਕਤੀਆਂ ਨੇ ਹਵਾ ਵਿੱਚ ਕੋਈ ਪਦਾਰਥ ਸਪਰੇਅ ਕਰ ਦਿੱਤਾ ਜਿਸ ਕਾਰਨ ਫਿਲਮ ਦੇਖ ਰਹੇ ਵੱਡੀ ਗਿਣਤੀ ਦਰਸ਼ਕ ਖੰਘਣ ਲੱਗ ਪਏ। ਪੁਲੀਸ ਨੇ ਦੱਸਿਆ ਕਿ ਘਟਨਾ ਸਮੇਂ 200 ਦੇ ਕਰੀਬ ਦਰਸ਼ਕ ਫਿਲਮ ਦੇਖ ਰਹੇ ਸਨ ਜਿਨ੍ਹਾਂ ਨੂੰ ਤੁਰੰਤ ਬਾਹਰ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਘਟਨਾ ‘ਚ ਕਿਸੇ ਨੂੰ ਕੋਈ ਗੰਭੀਰ ਸੱਟ ਨਹੀਂ ਲੱਗੀ। ਪੁਲੀਸ ਦੇ ਪਹੁੰਚਣ ਤੋਂ ਪਹਿਲਾਂ ਸ਼ਰਾਰਤੀ ਅਨਸਰ ਮੌਕੇ ਤੋਂ ਫਰਾਰ ਹੋ ਗਏ। ਯਾਰਕ ਪੁਲੀਸ ਨੇ ਦੱਸਿਆ ਕਿ ਉਨ੍ਹਾਂ ਪੀਲ ਤੇ ਟੋਰਾਂਟੋ ਪੁਲੀਸ ਤੋਂ ਵੀ ਅਜਿਹੀਆਂ ਹੀ ਘਟਨਾਵਾਂ ਦੀ ਸੂਚਨਾ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ‘ਚ ਫਿਲਹਾਲ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਫੈਡਰਲ ਸਰਕਾਰ ਵਲੋਂ ਬਿੱਲ ਸੀ-18 ਨੂੰ ਲੈ ਕੇ ਮੇਟਾ ਨਾਲ ਗੱਲਬਾਤ

ਓਟਵਾ-ਫੇਸਬੱਕ ਦੀ ਮੂਲ ਕੰਪਨੀ ਮੇਟਾ ਨੇ ਆਨਲਾਈਨ ਨਿਊਜ਼ ਐਕਟ ਬਾਰੇ ਇਸ ਹਫ਼ਤੇ ਫੈਡਰਲ ਸਰਕਾਰ ਨਾਲ ਮੁੜ ਗੱਲਬਾਤ ਸ਼ੁਰੂ ਕਰ ਦਿੱਤੀ ਹੈ ਜਦਕਿ ਹੈਰੀਟੇਜ ਮੰਤਰੀ ਪਾਸਕੇਲ ਸੇਂਟ-ਓਂਜ ਨੇ ਸੰਕੇਤ ਦਿੱਤਾ ਕਿ ਆਪਣੇ ਪਲੇਟਫਾਰਮਾਂ ’ਤੇ ਖ਼ਬਰਾਂ ਤਕ ਕੈਨੇਡੀਅਨਾਂ ਦੀ ਪਹੁੰਚ ਰੋਕਣ ਦੇ ਬਾਵਜੂਦ ਤਕਨੀਕੀ ਦਿਗਜ ਅਜੇ ਵੀ ਨਿਯਮ ਤਹਿਤ ਹੋ ਸਕਦੀ ਹੈ। ਤਿੰਨ ਸੂਤਰ ਜਿਨ੍ਹਾਂ ਦਾ ਦੀ ਗਲੋਬ ਐਂਡ ਮੇਲ ਨੇ ਨਾਂਅ ਨਹੀਂ ਦੱਸਿਆ ਕਿਉਂਕਿ ਉਨ੍ਹਾਂ ਨੂੰ ਜਨਤਕ ਤੌਰ ’ਤੇ ਬੋਲਣ ਦਾ ਅਧਿਕਾਰ ਨਹੀਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮੇਟਾ ਨੇ ਸਰਕਾਰ ਨਾਲ ਮੁਲਾਕਾਤ ਕੀਤੀ ਹੈ। ਫੈਡਰਲ ਸਰਕਾਰ ਦੇ ਹੈਰੀਟੇਜ ਵਿਭਾਗ ਦੇ ਅਧਿਕਾਰੀਆਂ ਤੇ ਮੇਟਾ ਦੀ ਜਨਤਕ ਨੀਤੀ ਦੇ ਮੁਖੀ ਰਾਚੇਲ ਕੁਰੇਨ ਵਿਚਕਾਰ ਮੀਟਿੰਗ ਅੜਿੱਕੇ ਨਾਲ ਖਤਮ ਹੋ ਗਈ ਜਿਸ ਵਿਚ ਤਕਨੀਕੀ ਦਿਗਜ ਕੰਪਨੀ ਨੇ ਐਕਟ ਨੂੰ ਲੈ ਕੇ ਗੱਲਬਾਤ ਦੀ ਮੇਜ਼ ’ਤੇ ਆਉਣ ਦੇ ਸਰਕਾਰ ਦੇ ਸੱਦਿਆ ਨੂੰ ਠੁਕਰਾ ਦਿੱਤਾ। ਹੁਣ ਕੇਵਲ ਮੇਟਾ ਤੇ ਗੂਗਲ ਹੀ ਆਨਲਾਈਨ ਨਿਊਜ਼ ਐਕਟ ਨੂੰ ਮੰਨਣ ਤੋਂ ਆਨਾਕਾਨੀ ਕਰ ਰਹੀਆਂ ਸਨ ਜਿਸ ਤਹਿਤ ਵੱਡੀਆਂ ਤਕਨੀਕੀ ਕੰਪਨੀਆਂ ਨੇ ਕੈਨੇਡੀਅਨ ਨਿਊਜ਼ ਪ੍ਰਕਾਸ਼ਕਾਂ ਨੂੰ ਪੈਸੇ ਦੇਣੇ ਪੈਣਗੇ। ਦੋਵਾਂ ਕੰਪਨੀਆਂ ਓਟਵਾ ਦੀਆਂ ਸ਼ਰਤਾਂ ’ਤੇ ਇਤਰਾਜ਼ ਕੀਤਾ ਸੀ ਪਰ ਪਿਛਲੇ ਮਹੀਨੇ ਗੂਗਲ ਜਿਸ ਨੇ ਮੇਟਾ ਦੇ ਨਕਸ਼ੇ ਕਦਮਾਂ ’ਤੇ ਚੱਲਣ ਅਤੇ ਕੈਨੇਡੀਅਨਾਂ ਦੀ ਆਪਣੇ ਪਲੇਟਫਾਰਮ ’ਤੇ ਖ਼ਬਰਾਂ ਤਕ ਪਹੁੰਚ ਨੂੰ ਰੋਕਣ ਦੀ ਧਮਕੀ ਦਿੱਤੀ ਸੀ ਨੇ ਸਰਕਾਰ ਨਾਲ ਸਮਝੌਤਾ ਕਰ ਲਿਆ ਜਿਸ ਤਹਿਤ ਇਹ ਨਿਊਜ਼ ਇੰਡਸਟਰੀ ਨੂੰ ਮਹਿੰਗਾਈ ਦੇ ਹਿਸਾਬ ਨਾਲ ਸਾਲਾਨਾ 100 ਮਿਲੀਅਨ ਡਾਲਰ ਦੇਵੇਗੀ।

# ਬੈਂਕ ਆਫ ਕੈਨੇਡਾ ਨੇ ਮੁੱਖ ਵਿਆਜ ਦਰਾਂ ਨੂੰ ਸਥਿਰ ਰੱਖਿਆ ਪਰ ਫਿਰ ਵਾਧਾ ਕਰਨ ਦੀ ਦਿੱਤੀ ਚਿਤਾਵਨੀ

ਓਟਵਾ-ਬੈਂਕ ਆਫ ਕੈਨੇਡਾ ਨੇ ਆਪਣੇ ਤਾਜ਼ਾ ਨੀਤੀ ਫ਼ੈਸਲੇ ਵਿਚ ਵਿਆਜ ਦਰਾਂ ਨੂੰ ਪੰਜ ਫ਼ੀਸਦੀ ’ਤੇ ਸਥਿਰ ਰੱਖਿਆ ਹੈ ਜਿਵੇਂ ਵਿਆਪਕ ਤੌਰ ’ਤੇ ਆਸ ਕੀਤੀ ਜਾ ਰਹੀ ਸੀ ਪਰ ਚਿਤਾਵਨੀ ਦਿੱਤੀ ਕਿ ਉਹ ਅਜੇ ਵੀ ਫਿਰ ਤੋਂ ਵਾਧਾ ਕਰਨ ਲਈ ਤਿਆਰ ਹੈ। ਬਾਜ਼ਾਰ ਦੀਆਂ ਇਨ੍ਹਾਂ ਕਿਆਸਰਾਈਆਂ ਦੇ ਮੱਦੇਨਜ਼ਰ ਸੈਂਟਰਲ ਬੈਂਕ ਦੀ ਮਹਿੰਗਾਈ ਨੂੰ ਲੈ ਕੇ ਵਿਆਜ ਦਰਾਂ ਵਿਚ ਵਾਧੇ ਦੀ ਚਿਤਾਵਨੀ ਆਈ ਹੈ ਕਿ ਵਿਆਜ ਦਰਾਂ ਸਿਖਰ ’ਤੇ ਪੁੱਜ ਗਈਆਂ ਹਨ ਅਤੇ ਆ ਰਹੇ ਅਗਲੇ ਸਾਲ ਵਿਚ ਵਿਆਜ ਦਰਾਂ ਵਿਚ ਕਟੌਤੀ ਕੀਤੀ ਜਾਵੇਗੀ। ਬੈਂਕ ਆਫ ਕੈਨੇਡਾ ਨੇ ਦਹਾਕਿਆਂ ਵਿਚ ਮਹਿੰਗਾਈ ਦੀ ਦਰ ਸਭ ਤੋਂ ਉੱਚੀ ਹੋਣ ਨਾਲ ਲੜਨ ਲਈ ਪਿਛਲਾ ਡੇਢ ਸਾਲ ਵਿਆਜ ਦਰਾਂ ਵਿਚ ਕਾਫੀ ਵਾਧਾ ਕੀਤਾ ਹੈ। ਜੁਲਾਈ ਮਹੀਨੇ ਤੋਂ ਇਸ ਨੇ ਵਿਆਜ ਦਰਾਂ ਪੰਜ ਫ਼ੀਸਦੀ ’ਤੇ ਹੀ ਰੱਖੀਆਂ ਹੋਈਆਂ ਹਨ। ਸੈਂਟਰਲ ਬੈਂਕ ਇਕ ਸਾਲ ਵਿਚ ਇਹ ਫ਼ੈਸਲਾ ਕਰਨ ਲਈ ਅੱਠ ਵਾਰ ਮੀਟਿੰਗਾਂ ਕਰਦਾ ਹੈ ਕਿ ਆਪਣੀ ਵਿਆਜ ਦਰ ਦੇ ਬੈਂਚ ਮਾਰਕ ਨੂੰ ਕਿਥੇ ਰੱਖਣਾ ਹੈ ਜਿਸ ਨੂੰ ਓਵਰਨਾਈਟ ਦਰ ਲਈ ਟੀਚਾ ਕਰਕੇ ਜਾਣਿਆਂ ਜਾਂਦਾ ਹੈ ਜਿਸ ਦਾ ਰਿਟੇਲ ਬੈਂਕਾਂ ਦੇ ਥੋੜੇ ਸਮੇਂ ਦੀ ਕਰਜ਼ਿਆਂ ਦੀਆਂ ਦਰਾਂ ’ਤੇ ਅਸਰ ਪੈਂਦਾ ਹੈ।

# ਭਾਰਤੀ ਮੂਲ ਦੇ ਸਮੀਰ ਸ਼ਾਹ ਹੋਣਗੇ ਬੀਬੀਸੀ ਦੇ ਨਵੇਂ ਚੇਅਰਮੈਨ

ਲੰਡਨ-ਭਾਰਤੀ ਮੂਲ ਦੇ ਡਾਕਟਰ ਸਮੀਰ ਸ਼ਾਹ, ਜਿਨ੍ਹਾਂ ਦਾ ਪੱਤਰਕਾਰੀ ਵਿਚ 40 ਸਾਲਾਂ ਤੋਂ ਵੱਧ ਦਾ ਤਜਰਬਾ ਹੈ, ਬ੍ਰਿਟਿਸ਼ ਬ੍ਰੌਡਕਾਸਟ ਕਾਰਪੋਰੇਸ਼ਨ (ਬੀਬੀਸੀ) ਦੇ ਨਵੇਂ ਚੇਅਰਮੈਨ ਹੋਣਗੇ। 71 ਸਾਲਾ ਸ਼ਾਹ ਰਿਚਰਡ ਸ਼ਾਰਪ ਦੀ ਥਾਂ ਲੈਣਗੇ। ਰਿਚਰਡ ਨੂੰ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੋਨਸਨ ਨਾਲ ਗੱਲਬਾਤ ਲੀਕ ਹੋਣ ਤੋਂ ਬਾਅਦ ਅਸਤੀਫਾ ਦੇਣਾ ਪਿਆ ਸੀ ਅਤੇ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਗਈ ਸੀ।

# ਲੈਂਡਮਾਰਕ ਫਲੈਗ ਪੋਲ ਦੇ ਸਾਹਮਣੇ ਬਣੇਗਾ 31 ਮੰਜ਼ਿਲਾ ਟਾਵਰ

ਸਰੀ-ਗਿਲਡਫੋਰਡ ਵਿਚ 104 ਐਵੀਨਿਊ ਅਤੇ 152 ਸਟਰੀਟ ਦੇ ਉੱਤਰੀ ਪੂਰਬੀ ਕੋਨੇ ’ਤੇ ਪੈਸੀਫਿਕ ਰੀਚ ਪ੍ਰਾਪਰਟੀਜ਼ ਡਿਵੈਲਪਮੈਂਟ ਨੇ 31 ਮੰਜ਼ਿਲਾ ਰਿਹਾਇਸ਼ੀ ਇਮਾਰਤ ਦੀ ਯੋਜਨਾ ਬਣਾਈ ਹੈ। ਸ਼ੈਰੇਟਨ ਹੋਟਲ ਉਸੇ ਥਾਂ ’ਤੇ ਰਹੇਗਾ ਜਿਥੇ ਪੀਸਫਿਕ ਰੀਚ ਕੰਪਨੀ ਨੇ ਯੋਜਨਾ ਬਣਾਈ ਹੈ। ਟਾਵਰ 20 ਮੰਜ਼ਿਲਾ ਸ਼ੈਰੇਟਨ ਵੈਨਕੂਵਰ ਗਿਲਡਫੋਰਡ ਹੋਟਲ ਨਾਲੋਂ ਉੱਚਾ ਹੋਵੇਗਾ ਜਿਹੜਾ 1992 ਤੋਂ ਚਲ ਰਿਹਾ ਹੈ ਅਤੇ ਇਹ ਗੋ ਨੌਰਥ ਸਰੀ ਜੀਐਮ ਪਲਾਟ ’ਤੇ 86 ਮੀਟਰ ਉੱਚੇ ਫਲੈਗ ਪੋਲ ਦੇ ਸਾਹਮਣੇ ਸੜਕ ਦੇ ਪਾਰ ਹੋਟਲ ਪ੍ਰਾਪਰਟੀ ਦੇ ਦੱਖਣੀ ਪੱਛਮੀ ਕੋਨੇ ’ਤੇ ਬਣਾਇਆ ਜਾਵੇਗਾ। ਸਿਟੀ ਆਫ ਸਰੀ ਦੇ ਵਿਕਾਸ ਤਜਵੀਜ਼ ਸਾਈਨ ਮੁਤਾਬਿਕ ਹੋਟਲ ਆਪਣੀ ਮੌਜੂਦਾ ਥਾਂ ’ਤੇ ਹੀ ਰਹੇਗਾ। ਗਿਲਡਫੋਰਡ ਕਾਰਪੋਰੇਟ ਸੈਂਟਰ ਦੇ ਉੱਤਰੀ ਅੱਧ ਤਕ ਉੱਚਾਈ ਤੇ ਤਿੰਨ ਮੰਜ਼ਿਲਾ ਹੋਰ ਜੋੜਨ ਦੀ ਇਜਾਜ਼ਤ ਦੇਣ ਲਈ ਪ੍ਰਾਜੈਕਟ ’ਤੇ ਮਈ 2022 ਤੋਂ ਜਨਤਕ ਸੁਣਵਾਈ ਹੋ ਰਹੀ ਸੀ। ਪੈਸੀਫਿਕ ਰੀਚ ਦੇ ਯੋਜਨਾ ਤੇ ਵਿਕਾਸ ਬਾਰੇ ਡਾਇਰੈਕਟਰ ਸ਼ਹਿਜ਼ਾਦ ਸੋਮਜੀ ਨੇ ਪ੍ਰਾਜੈਕਟ ਦੀ ਮੌਜੂਦਾ ਸਥਿਤੀ ’ਤੇ ਰੋਸ਼ਨੀ ਪਾਈ ਹੈ। ਸੋਮਜੀ ਨੇ ਨਾਊ-ਲੀਡਰ ਨੂੰ ਦੱਸਿਆ ਕਿ ਅਸੀਂ ਜਨਤਕ ਸੁਣਵਾਈ ਪੂਰੀ ਕਰ ਲਈ ਹੈ ਅਤੇ ਹੁਣ ਬਾਈਲਾਅ ਅਪਨਾਉਣ ਲਈ ਡਿਜ਼ਾਈਨ ਵੇਰਵਿਆਂ ਨੂੰ ਠੀਕ ਕਰ ਰਹੇ ਹਾਂ। ਟਾਵਰ ਵਿਚ 280 ਘਰ ਬਣਾਉਣ ਦੀ ਯੋਜਨਾ ਹੈ।

# ਭਾਰਤੀ ਰਾਜਦੂਤ ਵੱਲੋਂ ਜੇਲ੍ਹ ’ਚ ਬੰਦ ਜਲ ਸੈਨਿਕਾਂ ਨਾਲ ਮੁਲਾਕਾਤ

ਨਵੀਂ ਦਿੱਲੀ-ਵਿਦੇਸ਼ ਮੰਤਰਾਲੇ ਨੇ ਅੱਜ ਦੱਸਿਆ ਕਿ ਕਤਰ ਵਿਚ ਭਾਰਤੀ ਰਾਜਦੂਤ ਨੇ ਚਾਰ ਦਿਨ ਪਹਿਲਾਂ ਮੌਤ ਦੀ ਸਜ਼ਾਯਾਫਤਾ ਅੱਠ ਸਾਬਕਾ ਭਾਰਤੀ ਜਲ ਸੈਨਿਕਾਂ ਨਾਲ ਮੁਲਾਕਾਤ ਕੀਤੀ ਅਤੇ ਕਤਰ ਦੀ ਅਦਾਲਤ ਵੱਲੋਂ ਉਨ੍ਹਾਂ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਖ਼ਿਲਾਫ਼ ਦਾਇਰ ਅਪੀਲ ‘ਤੇ ਦੋ ਸੁਣਵਾਈਆਂ ਹੋ ਚੁੱਕੀਆਂ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਅੱਜ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ ਕਤਰ ਦੀ ਅਦਾਲਤ ਨੇ 26 ਅਕਤੂਬਰ ਨੂੰ ਸਾਬਕਾ ਜਲ ਸੈਨਿਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਭਾਰਤ ਨੇ ਇਸ ਫ਼ੈਸਲੇ ਨੂੰ ਵੱਡਾ ਝਟਕਾ ਕਰਾਰ ਦਿੰਦਿਆਂ ਇਸ ਮਾਮਲੇ ‘ਚ ਹਰ ਕਾਨੂੰਨੀ ਰਾਹ ਤਲਾਸ਼ਣ ਦੀ ਗੱਲ ਕਹੀ ਸੀ। ਜਲ ਸੈਨਿਕਾਂ ਦੇ ਪਰਿਵਾਰਕ ਮੈਂਬਰਾਂ ਨੇ ਇਸ ਮੌਤ ਦੀ ਸਜ਼ਾ ਖ਼ਿਲਾਫ਼ ਅਪੀਲ ਦਾਇਰ ਕੀਤੀ ਹੋਈ ਹੈ। ਇਸ ਕੇਸ ਸਬੰਧੀ ਪੁੱਛੇ ਜਾਣ ‘ਤੇ ਬਾਗਚੀ ਨੇ ਕਿਹਾ, ‘ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਪਰਿਵਾਰ ਮੈਂਬਰਾਂ ਤੇ ਗ੍ਰਿਫ਼ਤਾਰ ਜਲ ਸੈਨਿਕਾਂ ਵੱਲੋਂ ਅਸੀਂ ਅਪੀਲ ਦਾਇਰ ਕੀਤੀ ਹੋਈ ਹੈ। ਦੋ ਸੁਣਵਾਈਆਂ ਹੋ ਚੁੱਕੀਆਂ ਹਨ। ਇੱਕ ਸੁਣਵਾਈ ਸ਼ਾਇਦ 30 ਨਵੰਬਰ ਨੂੰ ਤੇ ਦੂਜੀ 23 ਨਵੰਬਰ ਨੂੰ ਹੋਈ ਹੈ।‘ ਉਨ੍ਹਾਂ ਕਿਹਾ, ‘ਮੈਨੂੰ ਲਗਦਾ ਹੈ ਕਿ ਅਗਲੀ ਸੁਣਵਾਈ ਜਲਦੀ ਹੀ ਹੋਵੇਗੀ। ਅਸੀਂ ਮਾਮਲੇ ‘ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਅਤੇ ਹਰ ਤਰ੍ਹਾਂ ਦੀ ਕਾਨੂੰਨੀ ਤੇ ਕੌਂਸੁਲਰ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸੇ ਦੌਰਾਨ ਸਾਡੇ ਰਾਜਦੂਤ ਨੇ 3 ਦਸੰਬਰ ਨੂੰ ਜੇਲ੍ਹ ‘ਚ ਬੰਦ ਸਾਰੇ ਸਾਬਕਾ ਜਲ ਸੈਨਿਕਾਂ ਨੂੰ ਮਿਲਣ ਲਈ ਕੌਂਸੁਲਰ ਰਸਾਈ ਹਾਸਲ ਕੀਤੀ ਹੈ। ਅਸੀਂ ਇਸ ਮਾਮਲੇ ‘ਤੇ ਕਾਰਵਾਈ ਜਾਰੀ ਰੱਖਾਂਗੇ।‘ ਇਹ ਪੁੱਛੇ ਜਾਣ ‘ਤੇ ਕਿ ਕੀ ਪਿਛਲੇ ਹਫ਼ਤੇ ਸੀਓਪੀ28 ਸੰਮੇਲਨ ਦੌਰਾਨ ਕਤਰ ਦੇ ਆਮਿਰ ਸ਼ੇਖ ਤਮੀਮ ਬਿਨ ਹਮਦ ਅਲ-ਥਾਨੀ ਨਾਲ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਮੁੱਦਾ ਚੁੱਕਿਆ ਸੀ, ਬਾਗਚੀ ਨੇ ਕੋਈ ਸਿੱਧਾ ਜਵਾਬ ਨਹੀਂ ਦਿੱਤਾ ਬਲਕਿ ਪ੍ਰਧਾਨ ਮੰਤਰੀ ਵੱਲੋਂ ‘ਐਕਸ‘ ‘ਤੇ ਪਾਈ ਪੋਸਟ ਦਾ ਹਵਾਲਾ ਦਿੱਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ, ‘ਅਸੀਂ ਦੁਵੱਲੀ ਭਾਈਵਾਲੀ ਮਜ਼ਬੂਤ ਕਰਨ ਅਤੇ ਕਤਰ ਵਿੱਚ ਭਾਰਤੀ ਭਾਈਚਾਰੇ ਦੀ ਬਿਹਤਰੀ ਬਾਰੇ ਵਿਚਾਰ ਚਰਚਾ ਕੀਤੀ।‘ ਭਾਰਤੀ ਜਲ ਸੈਨਾ ਦੇ ਅੱਠ ਕਰਮੀਆਂ ਖ਼ਿਲਾਫ਼ 25 ਮਾਰਚ ਨੂੰ ਦੋਸ਼ ਆਇਦ ਕੀਤੇ ਗਏ ਸਨ ਅਤੇ ਉਨ੍ਹਾਂ ਖ਼ਿਲਾਫ਼ ਕਤਰ ਦੇ ਕਾਨੂੰਨ ਅਨੁਸਾਰ ਮੁਕੱਦਮਾ ਚਲਾਇਆ ਗਿਆ ਸੀ।


# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**


# ਭਾਈ ਰਾਜੋਆਣਾ ਭੁੱਖ ਹੜਤਾਲ ਤੇ ਬਜਿਦ

ਪਟਿਆਲਾ-ਪੰਜ ਸਿੰਘ ਸਾਹਿਬਾਨ ਵੱਲੋਂ ਭੁੱਖ ਹੜਤਾਲ ਸਮਾਪਤ ਕਰਨ ਦੀ ਕੀਤੀ ਗਈ ਅਪੀਲ ਦੇ ਬਾਵਜੂਦ ਬਲਵੰਤ ਸਿੰਘ ਰਾਜੋਆਣਾ ਨੇ ਤੀਜੇ ਦਿਨ ਵੀ ਕੁੱਝ ਨਹੀਂ ਖਾਧਾ। ਅੱਜ ਹੋਈ ਮੈਡੀਕਲ ਜਾਂਚ ਦੌਰਾਨ ਰਾਜੋਆਣਾ ਦਾ ਭਾਰ ਘਟਿਆ ਹੋਇਆ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਭੁੱਖ ਹੜਤਾਲ ਤੁੜਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਤਿੰਨ ਮੈਂਬਰੀ ਵਫ਼ਦ ਵੱਲੋਂ ਮੁਲਾਕਾਤ ਲਈ ਜੇਲ੍ਹ ਸੁਪਰਡੈਂਟ ਨੂੰ ਈ-ਮੇਲ ਭੇਜੀ ਗਈ ਹੈ। ਇਹ ਵੀ ਉਮੀਦ ਜਤਾਈ ਜਾ ਰਹੀ ਹੈ ਕਿ ਕਮਲਦੀਪ ਕੌਰ ਰਾਜੋਆਣਾ ਵੱਲੋਂ ਵੀ ਬਲਵੰਤ ਸਿੰਘ ਰਾਜੋਆਣਾ ਨਾਲ ਛੇਤੀ ਹੀ ਮੁਲਾਕਾਤ ਕੀਤੀ ਜਾ ਸਕਦੀ ਹੈ। ਸੂਤਰਾਂ ਮੁਤਾਬਕ ਅੱਜ ਡਾ. ਯਾਦਵਿੰਦਰ ਸਿੰਘ, ਡਾ. ਚੰਦਨਦੀਪ ਸਿੰਘ ਤੇ ਡਾ. ਸਾਦਿਕ 'ਤੇ ਆਧਾਰਤ ਇੱਕ ਟੀਮ ਵੱਲੋਂ ਜੇਲ੍ਹ ਵਿੱਚ ਰਾਜੋਆਣਾ ਦੀ ਸਿਹਤ ਜਾਂਚ ਕੀਤੀ ਗਈ। ਇਸ ਦੌਰਾਨ ਬਾਕੀ ਸਾਰੇ ਟੈਸਟ ਦਰੁਸਤ ਪਾਏ ਗਏ, ਪਰ ਰਾਜੋਆਣਾ ਦਾ ਭਾਰ ਘਟਣਾ ਸ਼ੁਰੂ ਹੋ ਗਿਆ ਹੈ। ਲੰਘ ਰਹੇ ਸਮੇਂ ਨਾਲ ਇਹ ਮਾਮਲਾ ਹੋਰ ਗੰਭੀਰ ਹੁੰਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਸਬੰਧੀ 20 ਦਸੰਬਰ ਨੂੰ ਦਿੱਲੀ ਵਿੱਚ ਰੋਸ ਪ੍ਰਦਰਸ਼ਨ ਉਲਕਿਆ ਗਿਆ ਹੈ। ਬੀਤੇ ਕੱਲ੍ਹ ਵੀ ਪੰਜ ਸਿੰਘ ਸਾਹਿਬਾਨਾਂ ਵੱਲੋਂ ਰਾਜੋਆਣਾ ਨੂੰ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ ਗਈ ਸੀ। ਰਾਜੋਆਣਾ ਖ਼ਫ਼ਾ ਹੈ ਕਿ ਉਸ ਦੀ ਫਾਂਸੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਦੇ ਨਿਪਟਾਰੇ ਲਈ ਸਿੱਖ ਸੰਸਥਾਵਾਂ ਨੇ ਸੁਹਿਰਦ ਯਤਨ ਨਹੀਂ ਕੀਤੇ, ਜਿਸ ਕਰ ਕੇ ਉਹ ਇਹ ਪਟੀਸ਼ਨ ਵਾਪਸ ਲੈਣ 'ਤੇ ਜ਼ੋਰ ਦੇ ਰਿਹਾ ਹੈ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਅੱਜ ਮੁੜ ਬਿਆਨ ਜਾਰੀ ਕਰਕੇ ਰਾਜੋਆਣਾ ਨੂੰ ਭੁੱਖ ਹੜਤਾਲ ਖਤਮ ਕਰਨ ਦੀ ਅਪੀਲ ਕੀਤੀ ਹੈ।



# ਵੈਨਕੂਵਰ ਵਿਚਾਰ ਮੰਚ ਵੱਲੋਂ 21ਵੀਂ ਸਦੀ ਦੀ ਪਰਵਾਸੀ ਪੰਜਾਬੀ ਕਹਾਣੀ ਉੱਪਰ ਅੰਤਰ-ਰਾਸ਼ਟਰੀ ਸੈਮੀਨਾਰ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਆਨਲਾਈਨ ਸੈਮੀਨਾਰ ਲੜੀ ਦੇ ਅੰਤਰਗਤ '21ਵੀਂ ਸਦੀ ਦੀ ਪਰਵਾਸੀ ਪੰਜਾਬੀ ਕਹਾਣੀ: ਇਕ ਸੰਵਾਦ' ਵਿਸ਼ੇ ਉੱਪਰ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਭਾਰਤੀ ਪੰਜਾਬ ਦੇ ਚਿੰਤਕਾਂ ਵੱਲੋਂ ਇੱਕੀਵੀਂ ਸਦੀ ਵਿੱਚ ਰਚੀ ਗਈ ਪਰਵਾਸੀ ਪੰਜਾਬੀ ਕਹਾਣੀ ਉਪਰ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਆਲੋਚਨਾਤਮਕ ਪਰਚੇ ਪੜ੍ਹੇ ਗਏ। ਸੈਮੀਨਾਰ ਦੇ ਆਗਾਜ਼ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਰੋਤਿਆਂ ਨੂੰ ਮੰਚ ਦੀਆਂ ਸਰਗਰਮੀਆਂ ਤੋਂ ਜਾਣੂੰ ਕਰਵਾਇਆ। ਉਹਨਾਂ ਦੱਸਿਆ ਕਿ ਇਹ ਮੰਚ ਮੁੱਢ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਕਥਨ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਮੁਤਾਬਿਕ ਸੰਵਾਦ ਪਰੰਪਰਾ ਨਿਰੰਤਰ ਰੱਖਣ ਲਈ ਯਤਨਸ਼ੀਲ ਰਿਹਾ ਹੈ। ਉਨ੍ਹਾਂ ਸੈਮੀਨਾਰ ਵਿਚ ਸ਼ਿਰਕਤ ਕਰਨ ਵਾਲਿਆਂ ਨੂੰ ਜੀ ਆਇਆਂ ਕਿਹਾ। ਉਪਰੰਤ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਵਿਸ਼ੇਸ਼ ਮਹਿਮਾਨ ਕੁਲਜੀਤ ਮਾਨ (ਪਰਵਾਸੀ ਪੰਜਾਬੀ ਸਾਹਿਤਕਾਰ) ਅਤੇ ਸੈਸ਼ਨ ਪ੍ਰਧਾਨ ਪ੍ਰੋਫ਼ੈਸਰ (ਡਾ.) ਰਵਿੰਦਰ ਸਿੰਘ (ਦਿਆਲ ਸਿੰਘ ਕਾਲਜ ਦਿੱਲੀ ਅਤੇ ਰਿਸਰਚ ਫੈਲੋ ਇੰਡੀਅਨ ਇੰਸਟੀਚਿਊਟ ਆਫ਼ ਅਡਵਾਂਸ ਸਟੱਡੀਜ਼, ਸ਼ਿਮਲਾ) ਦੀਆਂ ਅਕਾਦਮਿਕ ਅਤੇ ਸਾਹਿਤਕ ਪ੍ਰਾਪਤੀਆਂ ਉਪਰ ਰੋਸ਼ਨੀ ਪਾਈ। ਉਹਨਾਂ ਦੱਸਿਆ ਕਿ ਮੰਚ ਵੱਲੋਂ ਆਨਲਾਈਨ ਕਰਵਾਏ ਜਾ ਰਹੇ ਸੈਮੀਨਾਰਾਂ ਦਾ ਮੁੱਖ ਮਨੋਰਥ ਖੋਜਾਰਥੀਆਂ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਨਾਲ ਜੋੜਨ ਅਤੇ ਨਵੀਂ ਸਾਹਿਤਕ ਖੋਜ ਨੂੰ ਹੱਲਾਸ਼ੇਰੀ ਦੇਣਾ ਹੈ। ਕੁਲਜੀਤ ਮਾਨ ਨੇ ਕਹਾਣੀ ਦੀ ਸਿਰਜਣ-ਪ੍ਰਕਿਰਿਆ ਨਾਲ ਜੁੜੇ ਮੁੱਖ ਨੁਕਤਿਆਂ ਸਬੰਧੀ ਚਰਚਾ ਕਰਦਿਆਂ ਜਿਥੇ ਇਹ ਦੱਸਿਆ ਕਿ ਕਹਾਣੀ ਦਾ ਮੁੱਦਾ ਸਮੇਂ ਸੀਮਾ ਤੋਂ ਪਰ੍ਹੇ ਅਤੇ ਸਰਬ ਵਿਆਪਕ ਹੋਣਾ ਚਾਹੀਦਾ ਹੈ ਉਥੇ ਸਮੇਂ ਦੇ ਬਦਲਾਅ ਨਾਲ ਸਾਨੂੰ ਅਜੋਕੇ ਪਰਵਾਸੀ




ਸਾਹਿਤ ਨੂੰ ਵਧੇਰੇ ਵਾਚਣ ਦੀ ਜ਼ਰੂਰਤ ਹੈ। ਮੁੱਢਲੇ ਦੌਰ ਵਿਚ ਲਿਖੀ ਗਈ ਕਹਾਣੀ ਅਤੇ ਹੁਣ ਰਚੀ ਜਾ ਰਹੀ ਕਹਾਣੀ ਦੀ ਧਰਾਤਲ ਲਈ ਆਰਥਿਕਤਾ, ਸਮਾਜ, ਸਭਿਆਚਾਰ, ਜੀਵਨ ਆਦਿ ਵਿੱਚ ਵੱਡੇ ਪੱਧਰ ਉਪਰ ਬਦਲਾਅ ਆ ਚੁੱਕਾ ਹੈ। ਉਹਨਾਂ ਨੇ ਪਰਵਾਸੀ ਪੰਜਾਬੀ ਕਹਾਣੀ ਦੇ 2000 ਤੋਂ ਲੈ ਕੇ ਹੁਣ ਤੱਕ ਦੇ ਸਫਰ ਨੂੰ ਬਹੁਤ ਤਰਕਮਈ ਢੰਗ ਨਾਲ ਬਿਆਨ ਕਰਦਿਆਂ ਪਰਵਾਸੀ ਪੰਜਾਬੀ ਕਹਾਣੀਕਾਰਾਂ ਨੂੰ ਵਿਸ਼ਵ ਪੱਧਰ ਦੇ ਮਸਲਿਆਂ ਨੂੰ ਕੇਂਦਰਿਤ ਕਰਨ ਦੀ ਗੱਲ ਕੀਤੀ। ਇਸ ਸੈਮੀਨਾਰ ਵਿਚ ਭਾਰਤ ਦੀਆਂ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕਾਂ ਅਤੇ ਖੋਜਾਰਥੀਆਂ ਵਲੋਂ ਡਾ. ਰਵਿੰਦਰ ਸਿੰਘ ਦੀ ਪ੍ਰਧਾਨਗੀ ਅਧੀਨ ਪਰਚੇ ਪੜ੍ਹੇ ਗਏ, ਜਿਹਨਾਂ ਵਿਚ ਡਾ. ਸੰਦੀਪ ਕੌਰ, ਡਾ. ਸੋਨਾ, ਮਨਪ੍ਰੀਤ ਕੌਰ, ਸਾਧੂ ਸਿੰਘ, ਡਾ. ਮਨਪ੍ਰੀਤ ਧਾਲੀਵਾਲ, ਪਵਨ ਕੁਮਾਰੀ, ਨਵਦੀਪ ਵਾਹਲਾ, ਲਖਵਿੰਦਰ ਕੌਰ, ਜਸਵੀਰ ਸਿੰਘ, ਗੁਰਪ੍ਰੀਤ ਕੌਰ, ਮਹਿਲ ਸਿੰਘ ਆਦਿ ਦਾ ਨਾਮ ਜ਼ਿਕਰਯੋਗ ਹੈ। ਪੜ੍ਹੇ ਗਏ ਹਰ ਪਰਚੇ ਸੰਬੰਧੀ ਡਾ. ਰਵਿੰਦਰ ਸਿੰਘ ਵੱਲੋਂ ਸੰਖੇਪ ਅਤੇ ਵਾਜਿਬ ਟਿੱਪਣੀਆਂ ਨਾਲ ਕੀਤਾ ਗਿਆ ਮੁਲਾਂਕਣ ਇਸ ਸੈਸ਼ਨ ਦਾ ਵਿਸ਼ੇਸ਼ ਹਾਸਿਲ ਰਿਹਾ। ਉਹਨਾਂ ਨੇ ਪਰਚੇ ਲੇਖਕਾਂ ਨੂੰ ਰਚਨਾ-ਪਾਠ ਦਾ ਗਹਿਰਾ ਅਧਿਐਨ ਕਰਨ ਲਈ ਪ੍ਰੇਰਿਤ ਕਰਦਿਆਂ ਸਾਹਿਤਕ ਪਰਖ ਦੇ ਕੇਂਦਰੀ ਨੁਕਤਿਆਂ ਬਾਰੇ ਭਾਵਪੂਰਤ ਜਾਣਕਾਰੀ ਦਿੱਤੀ। ਸੈਮੀਨਾਰ ਵਿੱਚ ਸ਼ਿਰਕਤ ਕਰਨ ਵਾਲਿਆਂ ਵਿੱਚੋਂ ਪ੍ਰੋ. ਨਵਰੂਪ ਕੌਰ, ਜੋ ਐੱਚ.ਐੱਮ.ਵੀ. ਕਾਲਜ ਜਲੰਧਰ ਵਿੱਚ ਬਤੌਰ ਡੀਨ ਯੂਥ ਵੈਲਫੇਅਰ ਅਤੇ ਪੰਜਾਬੀ ਵਿਭਾਗ ਦੇ ਮੁੱਖੀ ਵਜੋਂ ਕਾਰਜਸ਼ੀਲ ਹਨ, ਨੇ ਵਿਸ਼ਵੀਕਰਨ ਦੇ ਦੌਰ ਵਿਚ ਸਾਇਬਰ ਕਰਾਇਮ ਜਾਂ ਸਾਇਬਰ ਸੈਕਸ ਜਿਹੇ ਮੁੱਦਿਆ ਦੀ ਪੇਸ਼ਕਾਰੀ ਕਰ ਰਹੀ ਅਜੋਕੀ ਪਰਵਾਸੀ ਪੰਜਾਬੀ ਕਹਾਣੀ ਦੀ ਸਰਾਹਨਾ ਕੀਤੀ। ਪੰਜਾਬੀ ਲੇਖਿਕਾ ਸੁਰਜੀਤ ਕੌਰ (ਟੋਰਾਂਟੋ) ਨੇ ਇਸ ਸੈਮੀਨਾਰ ਨੂੰ ਪਰਵਾਸੀ ਪੰਜਾਬੀ ਸਾਹਿਤ ਅਤੇ ਉਸ ਪ੍ਰਤੀ ਹੋ ਰਹੀ ਖੋਜ ਦੀ ਪੇਸ਼ਕਾਰੀ ਲਈ ਵਧੀਆ ਪਲੇਟਫਾਰਮ ਦੱਸਿਆ। ਪਾਕਿਸਤਾਨ ਦੀ ਆਲਮਾ ਇਕਬਾਲ ਓਪਨ ਯੂਨੀਵਰਸਿਟੀ (ਇਸਲਾਮਾਬਾਦ) ਦੇ ਪਾਕਿਸਤਾਨ ਸਟੱਡੀਜ਼ ਵਿਭਾਗ ਦੇ ਚੇਅਰਪਰਸਨ, ਡਾ. ਸਮੀਨਾ ਯਾਸਮੀਨ ਨੇ ਵੈਨਕੂਵਰ ਵਿਚਾਰ ਮੰਚ ਦੀ ਸਾਰੀ ਟੀਮ ਨੂੰ ਅਤੇ ਸੈਮੀਨਾਰ ਵਿਚ ਸ਼ਿਰਕਤ ਕਰਨ ਵਾਲਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਇਸ ਪ੍ਰਕਾਰ ਦੇ ਸੈਮੀਨਾਰ ਕਰਾਉਂਦੇ ਰਹਿਣ ਦੀ ਉਮੀਦ ਪ੍ਰਗਟ ਕੀਤੀ।

# ਆਰ.ਐਸ.ਐਸ. ਮੁਖੀ ਮੋਹਨ ਭਗਵਤ ਨੇ ਜਲੰਧਰ ਡੇਰੇ ਲਗਾਏ

ਜਲੰਧਰ-ਆਰਐੱਸਐੱਸ ਮੁਖੀ ਮੋਹਨ ਭਾਗਵਤ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਲੰਘੀ ਰਾਤ ਜਲੰਧਰ ਦੇ ਵਿਦਿਆਧਾਮ ਵਿੱਚ ਪਹੁੰਚ ਗਏ ਹਨ। ਰੇਲਵੇ ਸਟੇਸ਼ਨ 'ਤੇ ਉਨ੍ਹਾਂ ਲਈ ਜ਼ੈੱਡ ਪਲੱਸ ਸੁਰੱਖਿਆ ਦੇ ਇੰਤਜ਼ਾਮ ਕੀਤੇ ਗਏ ਸਨ। ਦੇਸ਼ ਵਿੱਚ ਤਿੰਨ ਸੂਬਿਆਂ ਵਿੱਚ ਭਾਜਪਾ ਦੀ ਜਿੱਤ ਮਗਰੋਂ ਆਰਐੱਸਐੱਸ ਮੁਖੀ ਦੀ ਇਹ ਕੌਮੀ ਪੱਧਰ ਦੀ ਇਹ ਪਹਿਲੀ ਮੀਟਿੰਗ ਹੈ। ਅੱਜ ਸਾਰਾ ਦਿਨ ਆਰਐੱਸਐੱਸ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਚੱਲਦੀਆਂ ਰਹੀਆਂ। ਜਾਣਕਾਰੀ ਅਨੁਸਾਰ 7 ਦਸੰਬਰ ਨੂੰ ਆਰਐੱਸਐੱਸ ਦੀ ਕੌਮੀ ਕਾਰਜਕਾਰਨੀ ਦੇ ਅਹੁਦੇਦਾਰਾਂ ਦੀ ਮੀਟਿੰਗ ਹੋਵੇਗੀ ਜਿਸ ਮਗਰੋਂ ਸ੍ਰੀ ਭਾਗਵਤ ਦੋ ਦਿਨ ਆਰਐੱਸਐੱਸ ਪੰਜਾਬ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕਰਨਗੇ। ਜਾਣਕਾਰੀ ਅਨੁਸਾਰ ਸਾਲ 2025 ਵਿੱਚ ਆਰਐੱਸਐੱਸ ਦੀ ਸਥਾਪਨਾ ਦੇ ਸੌ ਸਾਲ ਪੂਰੇ ਹੋਣ ਜਾ ਰਹੇ ਹਨ। ਇਸ ਮੀਟਿੰਗ ਵਿੱਚ ਇਸ ਸਬੰਧੀ ਪ੍ਰੋਗਰਾਮਾਂ ਨੂੰ ਵੀ ਹੁਣ ਤੋਂ ਹੀ ਉਲੀਕਿਆ ਜਾਣਾ ਹੈ। ਇਸੇ ਦੌਰਾਨ 8 ਦਸੰਬਰ ਨੂੰ ਮੋਹਨ ਭਾਗਵਤ ਵੱਲੋਂ ਡੇਰਾ ਬਿਆਸ ਜਾਣ ਦਾ ਪ੍ਰੋਗਾਰਮ ਉਲੀਕਿਆ ਜਾ ਰਿਹਾ ਹੈ ਜਿੱਥੇ ਉਹ ਡੇਰਾ ਮੁਖੀ ਨਾਲ ਦੁਪਹਿਰ ਦਾ ਭੋਜਨ ਕਰਨਗੇ। ਆਰਐੱਸਐੱਸ ਦੇ ਇਕ ਆਗੂ ਨੇ ਦੱਸਿਆ ਕਿ ਸੰਘ ਦੀ ਕੌਮੀ ਕਾਰਜਕਾਰਨੀ ਦੀ ਹਰ ਤਿੰਨ ਮਹੀਨੇ ਬਾਅਦ ਜਿਹੜੀ ਮੀਟਿੰਗ ਹੁੰਦੀ ਹੈ ਉਹੀ ਮੀਟਿੰਗ ਪੰਜਾਬ ਦੇ ਜਲੰਧਰ ਸ਼ਹਿਰ ਵਿੱਚ ਰੱਖੀ ਗਈ ਹੈ। ਪੰਜਾਬ ਵਿੱਚ ਧਰਮ ਪਰਿਵਰਤਨ ਦੇ ਮਾਮਲੇ ਦੇ ਰੁਝਾਨ ਨੂੰ ਸੰਘ ਠੱਲ੍ਹ ਪਾਉਣ ਦਾ ਪ੍ਰੋਗਰਾਮ ਉਲੀਕ ਰਿਹਾ ਹੈ। ਹਾਲਾਂਕਿ ਇੰਨ੍ਹਾਂ ਮੀਟਿੰਗਾਂ ਵਿੱਚ ਭਾਜਪਾ ਦੇ ਆਗੂਆਂ ਨੂੰ ਦੂਰ ਰੱਖਿਆ ਜਾ ਰਿਹਾ ਹੈ। ਉਂਜ ਭਾਜਪਾ ਲੀਡਰਸ਼ਿਪ ਆਰਐੱਸਐੱਸ ਮੁਖੀ ਦੇ ਪ੍ਰੋਗਰਾਮਾਂ ਨੂੰ ਬੜਾ ਨੇੜਿਓਂ ਦੇਖ ਰਹੀ ਹੈ। ਮੀਡੀਆ ਨੂੰ ਵੀ ਮੀਟਿੰਗਾਂ ਤੋਂ ਦੂਰ ਰੱਖਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਹਨ ਭਾਗਵਤ ਦੀ ਪੰਜਾਬ ਫੇਰੀ ਨੂੰ ਬੜੀ ਅਹਿਮੀਅਤ ਨਾਲ ਦੇਖਿਆ ਜਾ ਰਿਹਾ ਹੈ। ਆਰਐੱਸਐੱਸ ਵਿੱਚ ਕੁਝ ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਸਾਂਝ ਪਾਉਣ ਦੇ ਹੱਕ ਵਿੱਚ ਦੱਸੇ ਜਾਂਦੇ ਹਨ ਪਰ ਕਈ ਅੰਦਰਖਾਤੇ ਵਿਰੋਧ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰਐੱਸਐੱਸ ਵਿਰੁੱਧ ਜਾਰੀ ਹੋਇਆ ਹੁਕਮਨਾਮਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਜਿਊਂਦੇ ਜੀਅ ਵਾਪਸ ਕਰਵਾਉਣ ਵਿੱਚ ਆਰਐੱਸਐੱਸ ਦਾ ਇੱਕ ਧੜਾ ਕਾਮਯਾਬ ਨਹੀਂ ਹੋ ਸਕਿਆ। ਹੁਣ ਇਸ ਹੁਕਮਨਾਮੇ ਦੇ ਵਾਪਸ ਹੋਣ ਦੀ ਉਮੀਦ ਘੱਟ ਹੈ ਕਿਉਂਕਿ ਸੀਨੀਅਰ ਲੀਡਰਸ਼ਿਪ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੂੰ ਵੱਡੇ ਬਾਦਲ ਵਾਂਗ ਭਰੋਸੇਯੋਗ ਨਹੀਂ ਮੰਨ ਰਹੀ।




WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers, Because We Care

Criminal Law
Divorce Cases
Immigration Law
Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਜੱਸਾ ਸਿੰਘ ਰਾਮਗੜ੍ਹੀਆ ਬਾਰੇ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਪੁਸਤਕ ਦਾ ਲੋਕ ਅਰਪਣ ਸਮਾਰੋਹ

ਸਰੀ (ਹਰਦਮ ਮਾਨ)- ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਵੱਲੋਂ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਕੀਤੀ ਗਈ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦੀ ਪੁਸਤਕ 'ਸ੍ਰ. ਜੱਸਾ ਸਿੰਘ ਰਾਮਗੜ੍ਹੀਆਂ' ਨੂੰ ਲੋਕ ਅਰਪਣ ਕਰਨ ਲਈ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਵਿਖੇ ਸਮਾਗਮ ਕਰਵਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਉਜਾਗਰ ਸਿੰਘ ਨੇ ਦੱਸਿਆ ਹੈ ਕਿ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਭੀਮਇੰਦਰ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਦੀ ਬਹਾਦਰੀ ਦੀ ਪੰਜਾਬੀਆਂ ਨੂੰ ਕਦਰ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਪੰਜਾਬ ਵਿੱਚ ਸਿੱਖ ਰਾਜ ਸਥਾਪਤ ਕਰਨ ਦਾ ਮੁੱਢ ਬੰਨ੍ਹਿਆਂ ਸੀ। ਉਨ੍ਹਾਂ ਕਿਹਾ ਕਿ ਇਹ ਪੁਸਤਕ ਖੋਜਾਰਥੀ ਵਿਦਿਆਰਥੀਆਂ ਲਈ ਸਹਾਇਕ ਸਾਬਤ ਹੋਵੇਗੀ ਅਤੇ ਖੋਜਾਰਥੀਆਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਨਾਮਵਰ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਕਿਹਾ ਕਿ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਨੇ ਇਹ ਪੁਸਤਕ ਸ਼ਾਹਮੁਖੀ ਵਿਚ ਪ੍ਰਕਾਸ਼ਿਤ ਕਰਵਾ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਜੱਸਾ ਸਿੰਘ ਰਾਮਗੜ੍ਹੀਆ ਦੇ ਜਦੋਜਹਿਦ ਵਾਲੇ ਜੀਵਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਿੱਖ ਮਿਸਲਾਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰਨ ਵਿਚ ਉਨ੍ਹਾਂ ਦਾ ਯੋਗਦਾਨ ਕਾਬਲੇ ਤਾਰੀਫ਼ ਰਿਹਾ ਹੈ। ਜੱਸਾ ਸਿੰਘ ਰਾਮਗੜ੍ਹੀਆ ਸਿੱਖਾਂ ਦੇ ਰਾਸ਼ਟਰੀ ਧਰੋਹਰ, ਪੰਜਾਬੀਅਤ ਦੇ ਮੁੱਦਈ ਅਤੇ ਪ੍ਰੇਰਨਾ ਸਰੋਤ ਹਨ। ਇਸ ਪੁਸਤਕ ਰਾਹੀਂ ਸਾਡੀ ਵਿਰਾਸਤ ਨੂੰ ਸਾਂਭਿਆ ਗਿਆ ਹੈ। ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਕੇਹਰ ਸਿੰਘ (ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ) ਨੇ ਕਿਹਾ ਕਿ ਸ਼ਾਹਮੁਖੀ ਲਿਪੀ ਵਿਚ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਨਾਲ ਸੰਸਾਰ ਵਿਚ ਵਸਦੇ ਸ਼ਾਹਮੁਖੀ ਦੇ ਪਾਠਕਾਂ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਯੋਗਦਾਨ ਬਾਰੇ ਵੱਡਮੁੱਲੀ ਜਾਣਕਾਰੀ ਮਿਲੇਗੀ ਅਤੇ ਉਹ ਉਨ੍ਹਾਂ ਦੇ ਜੀਵਨ ਤੋਂ ਖ਼ੁਦਮੁਖਤਾਰੀ ਅਤੇ ਸਵੈਮਾਣ ਨਾਲ ਜ਼ਿੰਦਗੀ ਜਿਓਣ ਦੀ ਪ੍ਰੇਰਨਾ ਲੈ ਸਕਣਗੇ। ਉਨ੍ਹਾਂ ਕਿਹਾ ਕਿ ਧਾਰਮਿਕ ਵੰਡੀਆਂ ਨੇ ਜ਼ੁਬਾਨ ਨੂੰ ਨੁਕਸਾਨ ਪਹੁੰਚਾਇਆ ਹੈ। ਡਾ.ਦਰਸ਼ਨ ਸਿੰਘ ਆਸ਼ਟ ਨੇ ਇਸ ਪੁਸਤਕ ਉੱਪਰ ਕੀ ਨੋਟ ਭਾਸ਼ਣ ਪੜ੍ਹਦਿਆਂ ਕਿਹਾ ਕਿ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਨੇ ਸਿੱਖ ਵਿਰਾਸਤ ਦੀਆਂ ਪ੍ਰਮਾਣਿਤ




ਪਰੰਪਰਾਵਾਂ ਅਤੇ ਸੰਘਰਸ਼ਮਈ ਇਤਿਹਾਸਿਕ ਘਾਲਨਾਵਾਂ ਨੂੰ ਇਤਿਹਾਸਿਕ ਪਰਿਪੇਖ ਤੋਂ ਲਿਖ ਕੇ ਬਿਹਤਰੀਨ ਕਾਰਜ ਕੀਤਾ ਹੈ, ਜਿਸ 'ਤੇ ਸਿੱਖ ਜਗਤ ਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾਂ ਦਾ ਇਹ ਵਡਮੁੱਲਾ ਯੋਗਦਾਨ ਇਤਿਹਾਸ ਦਾ ਹਿੱਸਾ ਬਣ ਗਿਆ ਹੈ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਫ਼ਾਊਂਡਰ ਤੇ ਰੂਹੇ ਰਵਾਂ ਜੈਤੇਗ ਸਿੰਘ ਅਨੰਤ ਨੇ ਆਪਣੇ ਇਕ ਸੰਦੇਸ਼ ਵਿੱਚ ਕਿਹਾ ਕਿ ਸ਼ਾਹਮੁਖੀ ਲਿਪੀ ਵਾਲੀ ਇਹ ਪੁਸਤਕ ਲਹਿੰਦੇ ਪੰਜਾਬ ਦੇ ਆਲਮੀ ਤੇ ਅਦਬੀ ਜਗਤ ਲਈ ਲਾਹੇਵੰਦ ਸਾਬਤ ਹੋਵੇਗੀ। ਲਹਿੰਦੇ ਪੰਜਾਬ ਦੇ 13 ਕਰੋੜ ਪੰਜਾਬੀ ਜੱਸਾ ਸਿੰਘ ਰਾਮਗੜ੍ਹੀਆ ਦੇ ਜਦੋਜਹਿਦ ਵਾਲੇ ਜੀਵਨ ਤੋਂ ਪ੍ਰੇਰਨਾ ਲੈ ਸਕਣਗੇ। ਅਵਤਾਰ ਸਿੰਘ ਤੇ ਉਜਾਗਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ 'ਤੇ ਡਾ.ਭੀਮਇੰਦਰ ਸਿੰਘ, ਡਾ.ਬਲਕਾਰ ਸਿੰਘ, ਡਾ.ਕੇਹਰ ਸਿੰਘ, ਡਾ.ਦਰਸ਼ਨ ਸਿੰਘ ਆਸ਼ਟ, ਇੰਜ.ਜੋਤਿੰਦਰ ਸਿੰਘ, ਦਲੀਪ ਸਿੰਘ ਉਪਲ, ਉਜਾਗਰ ਸਿੰਘ ਨੇ ਪੁਸਤਕ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ। ਡਾ. ਭੀਮਇੰਦਰ ਸਿੰਘ ਨੇ ਡਾ.ਬਲਕਾਰ ਸਿੰਘ, ਡਾ.ਕੇਹਰ ਸਿੰਘ, ਡਾ.ਦਰਸ਼ਨ ਸਿੰਘ ਆਸ਼ਟ, ਇੰਜ. ਜੋਤਿੰਦਰ ਸਿੰਘ, ਦਲੀਪ ਸਿੰਘ ਉਪਲ ਅਤੇ ਅਵਤਾਰ ਸਿੰਘ ਨੂੰ ਸਨਮਾਨਤ ਕੀਤਾ। ਇੰਜ ਜੋਤਿੰਦਰ ਸਿੰਘ (ਕੋਆਰਡੀਨੇਟਰ ਇੰਡੀਆ ਚੈਪਟਰ ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ) ਨੇ ਡਾ. ਭੀਮਇੰਦਰ ਸਿੰਘ ਨੂੰ ਸਨਮਾਨਿਤ ਕੀਤਾ। ਸਮਾਗਮ ਵਿੱਚ ਪ੍ਰਿੰ. ਜਸਬੀਰ ਕੌਰ (ਗੁਰਮਤਿ ਕਾਲਜ ਪਟਿਆਲਾ), ਪ੍ਰੋ. ਮਲਕਿੰਦਰ ਕੌਰ, ਡਾ. ਪ੍ਰੋ.ਐਸ.ਐਸ.ਰੇਖੀ, ਹਰਜੀਤ ਸਿੰਘ ਆਰਟਿਸਟ, ਹਰਦੀਪ ਕੌਰ ਡਾਇਰੈਕਟਰ ਯੂਨੀਵਰਸਿਟੀ ਅਜਾਇਬ ਘਰ, ਕਰਨਲ ਐਮ.ਐਸ. ਬਰਨਾਲਾ ਜਨਰਲ ਸਕੱਤਰ ਸੀਨੀਅਰ ਸਿਟੀਜ਼ਨ, ਦਲੀਪ ਸਿੰਘ ਉੱਪਲ ਵੀ ਸ਼ਾਮਲ ਹੋਏ। ਅੰਤ ਵਿਚ ਇੰਜ. ਜੋਤਿੰਦਰ ਸਿੰਘ ਨੇ ਪ੍ਰਧਾਨਗੀ ਮੰਡਲ ਅਤੇ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਸਰੋਤਿਆਂ ਦਾ ਧੰਨਵਾਦ ਕੀਤਾ।

## ਭਾਰਤੀ ਕ੍ਰਿਕਟ ਟੀਮ ਦੱਖਣੀ ਅਫਰੀਕਾ ਪੁੱਜੀ, ਦੋਵਾਂ ਟੀਮਾਂ ਵਿਚਾਲੇ ਪਹਿਲਾ ਟੀ-20 ਮੈਚ ਐਤਵਾਰ ਨੂੰ

ਡਰਬਨ (ਦੱਖਣੀ ਅਫ਼ਰੀਕਾ)-ਭਾਰਤੀ ਕ੍ਰਿਕਟ ਟੀਮ ਦੱਖਣੀ ਅਫ਼ਰੀਕਾ ਖ਼ਿਲਾਫ਼ ਆਗਾਮੀ ਕਈ ਮੁਕਾਬਲੇ ਖੇਡਣ ਲਈ ਡਰਬਨ ਪੁੱਜ ਗਈ, ਜਿਥੇ ਟੀਮ ਦਾ ਨਿੱਘਾ ਸੁਆਗਤ ਕੀਤਾ ਗਿਆ। ਭਾਰਤ ਤੇ ਦੱਖਣੀ ਅਫਰੀਕਾ ਵਿਚਾਲੇ ਕ੍ਰਿਕਟ ਦੀ ਸ਼ੁਰੂਆਤ ਐਤਵਾਰ ਨੂੰ ਪਹਿਲੇ ਟੀ-20 ਮੈਚ ਨਾਲ ਹੋ ਰਹੀ ਹੈ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਐਕਸ (ਪਹਿਲਾਂ ਟਵਿੱਟਰ) 'ਤੇ ਵੀਡੀਓ ਪੋਸਟ ਕੀਤਾ ਜਿਸ ਵਿੱਚ ਖਿਡਾਰੀ ਦੱਖਣੀ ਅਫਰੀਕਾ ਦੇ ਹਵਾਈ ਅੱਡੇ 'ਤੇ ਪਹੁੰਚਦੇ ਹੋਏ ਅਤੇ ਹੋਟਲ ਸਟਾਫ ਦੁਆਰਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਦੇਖਿਆ ਗਿਆ। ਦੱਖਣੀ ਅਫਰੀਕਾ ਨਾਲ ਟੀਮ ਤਿੰਨ ਮੈਚਾਂ ਦੀ ਟੀ-20 ਲੜੀ ਖੇਡੇਗੀ, ਜੋ 14 ਦਸੰਬਰ ਤੱਕ ਚੱਲੇਗੀ। 17 ਦਸੰਬਰ ਤੋਂ ਸਫੇਦ ਗੇਂਦ ਨਾਲ ਇਕ ਦਿਨਾਂ ਮੈਚਾਂ ਦੀ ਲੜੀ ਸ਼ੁਰੂ ਹੋਵੇਗੀ, ਜੋ 21 ਦਸੰਬਰ ਨੂੰ ਸਮਾਪਤ ਹੋਵੇਗੀ। ਸੂਰਿਆਕੁਮਾਰ ਯਾਦਵ ਟੀ-20 ਟੀਮ ਦੀ ਅਗਵਾਈ ਕਰੇਗਾ, ਜਦਕਿ ਕੇਐਲ ਰਾਹੁਲ ਇਕ ਦਿਨਾਂ ਟੀਮ ਦੀ ਕਪਤਾਨੀ ਕਰੇਗਾ। ਦੋਵਾਂ ਟੀਮਾ ਵਿਚਾਲੇ ਪਹਿਲਾ ਟੈਸਟ 26 ਦਸੰਬਰ ਤੋਂ ਸੈਂਚੁਰੀਅਨ ਵਿੱਚ ਅਤੇ ਦੂਜਾ ਟੈਸਟ ਅਗਲੇ ਸਾਲ 3 ਜਨਵਰੀ ਤੋਂ ਕੇਪਟਾਊਨ ਵਿੱਚ ਹੋਵੇਗਾ।

## ਆਸਟਰੇਲੀਆ 'ਚ ਕਾਰ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ

ਮੈਲਬਰਨ-ਆਸਟਰੇਲੀਆ 'ਚ ਇਕ ਭਿਆਨਕ ਕਾਰ ਹਾਦਸੇ ਵਿਚ 26 ਸਾਲਾ ਭਾਰਤੀ ਵਿਅਕਤੀ ਦੀ ਮੌਤ ਹੋ ਗਈ ਹੈ। ਇਕ ਮੀਡੀਆ ਰਿਪੋਰਟ ਮੁਤਾਬਕ ਮ੍ਰਿਤਕ ਦੀ ਪਤਨੀ ਨੇ ਲਾਸ਼ ਨੂੰ ਭਾਰਤ 'ਚ ਉਸ ਦੇ ਮਾਤਾ-ਪਿਤਾ ਕੋਲ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਹੈ। ਵਿੰਡਹੈਮ ਟੀਵੀ ਦੀ ਰਿਪੋਰਟ ਮੁਤਾਬਕ ਖੁਸ਼ਦੀਪ ਸਿੰਘ (26) ਸੋਮਵਾਰ ਰਾਤ ਕਰੀਬ 11.15 'ਤੇ ਪਾਲਮਰਜ਼ ਰੋਡ ਤੋਂ ਗੁਜ਼ਰ ਰਿਹਾ ਸੀ। ਉਸੇ ਵੇਲੇ ਉਸ ਦੀ ਕਾਰ ਡਿਵਾਈਡਰ ਨਾਲ ਟਕਰਾ ਕੇ ਕਈ ਵਾਰ ਪਲਟ ਗਈ। ਘਟਨਾ ਤੋਂ ਬਾਅਦ ਹੰਗਾਮੀ ਸੇਵਾਵਾਂ ਨੇ ਖੁਸ਼ਦੀਪ ਨੂੰ ਬਚਾਉਣ ਦਾ ਯਤਨ ਕੀਤਾ ਪਰ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਹਾਦਸੇ ਪਿਛਲੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਦਸਾ ਸੰਭਾਵੀ ਥਕਾਵਟ ਕਾਰਨ ਹੋਇਆ ਜਾਪਦਾ ਹੈ। ਮ੍ਰਿਤਕ ਦੀ ਪਤਨੀ ਜਪਨੀਤ ਕੌਰ ਪਤੀ ਦੀ ਦੇਹ ਨੂੰ ਭਾਰਤ ਲਿਆਉਣ ਲਈ 'ਗੋਫੰਡਮੀ' ਉਤੇ ਮੁਹਿੰਮ ਚਲਾ ਰਹੀ ਹੈ। ਉਹ ਲੋਕਾਂ ਨੂੰ ਅਪੀਲ ਕਰ ਰਹੀ ਹੈ ਕਿ ਦੇਹ ਨੂੰ ਭਾਰਤ ਲਿਜਾਣ ਲਈ ਵਿੱਤੀ ਮਦਦ ਦੇ ਰੂਪ ਵਿਚ ਛੋਟਾ-ਵੱਡਾ ਕਿਸੇ ਵੀ ਤਰ੍ਹਾਂ ਦਾ ਹਿੱਸਾ ਪਾਇਆ ਜਾਵੇ।



## ਪਹਿਲੀ ਜਨਮ ਸ਼ਤਾਬਦੀ 'ਤੇ ਵਿਸ਼ੇਸ਼

# ਮਹਾਨ ਚਿੱਤਰਕਾਰ ਸਰਦਾਰ ਕ੍ਰਿਪਾਲ ਸਿੰਘ

**ਸ. ਜੈਤੇਗ ਸਿੰਘ ਅਨੰਤ**

ਸ. ਕ੍ਰਿਪਾਲ ਸਿੰਘ ਚਿੱਤਰਕਾਰ ਦਾ ਨਾਮ ਕਿਸੇ ਜਾਣ ਪਹਿਚਾਣ ਤੋਂ ਮੁਥਾਜ ਨਹੀਂ। ਉਹ ਅਜਿਹਾ ਪਹਿਲਾ ਚਿੱਤਰਕਾਰ ਹੈ ਜਿਸ ਨੇ ਸਿੱਖਾਂ ਦੇ ਮਹਾਨ ਵਿਰਸੇ ਤੇ ਵਿਰਾਸਤ, ਪਿਛਲੇ ਪੰਜ ਸੌ ਸਾਲਾਂ ਦੇ ਇਤਿਹਾਸ, ਦਰਦ ਭਰੀਆਂ ਕੁਰਬਾਨੀਆਂ, ਸ਼ਹਾਦਤਾਂ, ਜੰਗਾਂ ਤੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਆਪਣੀ ਤੀਖਣ ਬੁੱਧੀ ਨਾਲ ਵੱਡ-ਅਕਾਰੀ ਕੈਨਵਸਾਂ 'ਤੇ ਸਫਲਤਾ ਸਾਹਿਤ ਅਪਣੇ ਬੁਰਸ਼ ਦੀਆਂ ਛੋਹਾਂ ਨਾਲ ਸਾਕਾਰ ਕੀਤਾ ਹੈ। ਉਹ ਕਿਸੇ ਇਤਿਹਾਸਕਾਰ ਤੋਂ ਘੱਟ ਨਹੀਂ। ਉਹ ਸਦਾ ਸ਼ਬਦ-ਸੁਰ 'ਚ ਸਵਾਰ ਸਿੱਖ ਇਤਿਹਾਸ, ਸਿੱਖ ਸਭਿਆਚਾਰ, ਸਿੱਖ ਰਹੁ-ਰੀਤਾਂ ਨੂੰ ਆਪਣੀਆਂ ਪੇਂਟਿਗਜ਼ ਵਿਚ ਬੜੀ ਸਫਲਤਾ ਸਾਹਿਤ ਸਾਕਾਰ ਕਰਦੇ ਰਹੇ। ਉਨ੍ਹਾਂ ਦੀਆਂ ਮੂੰਹੋਂ ਬੋਲਦੀਆਂ ਪੇਂਟਿਗਜ਼ ਸਦਾ ਸੰਗਤ ਲਈ ਪ੍ਰੇਰਨਾ ਦਾ ਸੋਮਾ ਸਨ। ਉਨ੍ਹਾਂ ਦੀਆਂ ਕਲਾਂ-ਕਿਰਤਾਂ ਸਦਾ ਕਮਾਂਤਰੀ ਗਗਨ ਉਪਰ ਧਰੂ ਤਾਰੇ ਵਾਂਗ ਟਿਮ-ਟਿਮਾਉਂਦੀਆਂ ਵੇਖੀਆਂ ਜਾ ਸਕਦੀਆਂ ਹਨ। ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਲੋਂ ਬਣਾਏ ਕੇਂਦਰੀ ਸਿੱਖ ਅਜਾਇਬਘਰ ਦੇ ਉਹ ਮੋਢੀ ਤੇ ਪਹਿਲੇ ਚਿੱਤਰਕਾਰ ਸਨ।

ਸਿੱਖ ਕੌਮ ਦੇ ਮਹਾਨ ਚਿੱਤਰਕਾਰ ਸ. ਕ੍ਰਿਪਾਲ ਸਿੰਘ ਜੀ ਦੀ ਪਹਿਲੀ ਜਨਮ ਸ਼ਤਾਬਦੀ ੧੦ ਦਸੰਬਰ, ੨੦੨੩ ਈ. ਨੂੰ ਆ ਰਹੀ ਹੈ। ਇਹ ਦਿਨ ਸਮੁੱਚੇ ਸਿੱਖ ਜਗਤ ਲਈ ਵਿਸ਼ੇਸ਼ ਦਿਨ ਹੈ। ਮੇਰੇ (ਲੇਖਕ ਦੇਣ) ਉਨ੍ਹਾਂ ਨਾਲ ਪਿਛਲੇ ੫੭ ਸਾਲਾਂ ਤੋਂ ਨਿਰੰਤਰ ਸੰਬੰਧ ਰਹੇ ਹਨ। ੫੧ ਸਾਲ ਪਹਿਲਾਂ ਉਹ ਮੇਰੇ ਅਨੰਦ ਕਾਰਜ ਤੇ ਆਪਣਾ ਅਸ਼ੀਰਵਾਦ ਦੇਣ ਹਿਤ ਵੀ ਪੁਜੇ ਸਨ। ਇਸ ਲਈ ਅੱਜ ਦਾ ਇਹ ਲੇਖ ਉਨ੍ਹਾਂ ਦੇ ਬਹੁਪੱਖੀ, ਬਹੁਮਤੀ ਜੀਵਨ ਸ਼ਖਸੀਅਤ ਤੇ ਕਾਰਜਾਂ ਨੂੰ ਕੁਜੇ ਵਿਚ ਸਮੁੰਦਰ ਨਿਆਈ ਵਾਤ ਪਾਉਣ ਦਾ ਇਕ ਉਪਰਾਲਾ ਹੈ ਤਾਂ ਜੋ ਅੱਜ ਦੇ ਪ੍ਰਸੰਗ ਵਿਚ ਉਨਾਂ ਨੂੰ ਮੁੜ ਯਾਦ ਕੀਤਾ ਜਾ ਸਕੇ।

ਆਪ ਦਾ ਜਨਮ ੧੦ ਦਸੰਬਰ, ੧੯੨੩ ਈ. ਨੂੰ ਪਿੰਡ ਵਾੜਾ ਚੱਕ ਸਿੰਘ ਜ਼ੀਰਾ ਤਹਿਸੀਲ ਜ਼ਿਲ੍ਹਾ ਫਿਰੋਜ਼ਪੁਰ ਸ. ਭਗਤ ਸਿੰਘ ਰਾਮਗੜ੍ਹੀਆ ਦੇ ਘਰ ਹੋਇਆ। ਆਪ ਦੇ ਪਿਤਾ ਜੀ ਨਾਮੀ ਦਸਤਕਾਰ ਸਨ। ਆਪ ਨੇ ਸੰਨ ੧੯੪੨ ਤੋਂ ੧੯੪੭ ਈ. ਤਕ ਮਿਲਟਰੀ ਦੇ ਅਕਾਊਂਟ ਵਿਭਾਗ ਵਿਚ ਕੰਮ ਕੀਤਾ। ਇਹ ਕੰਮ ਉਨ੍ਹਾਂ ਨੂੰ ਪਸੰਦ ਨਹੀਂ ਆਇਆ। ਭਾਰਤ ਦੀ ਆਜ਼ਾਦੀ ਮਗਰੋਂ ਉਨ੍ਹਾਂ ਨੇ ਕਲਾ ਖੇਤਰ ਵਿਚ ਪ੍ਰਵੇਸ਼ ਕਰਨ ਦਾ ਮਨ ਬਣਾਇਆ। ਉਨ੍ਹਾਂ ਇਸ ਗੱਲ ਨੂੰ ਧਾਰ ਲਿਆ ਕਿ ਉਹ ਸਿੱਖਾਂ ਦੇ ਗੌਰਵਮਈ ਇਤਿਹਾਸ ਦੇ ਸੁਨਿਹਰੇ ਪੰਨਿਆਂ 'ਤੇ ਇਤਿਹਾਸਿਕ ਘਟਨਾਵਾਂ ਨੂੰ ਉਲੀਕਣਾ ਅੰਰਭ ਕਰ ਦਿੱਤਾ। ਇਹ ਮਹਾਨ ਕਾਰਜ ਦੀ ਅਗਵਾਈ ਤੇ ਪ੍ਰੇਰਨਾ ਰਾਜਾ ਰਵੀ ਵਰਮਾ ਦੇ ਚਿੱਤਰਾਂ ਤੋਂ ਲਈ। ਇਹ ਅਜਿਹਾ ਸਮਾਂ ਸੀ ਜਦੋਂ ਚਿੱਤਰਕਾਰ ਨੇ ਭੁੱਖ, ਗਰੀਬੀ, ਤੰਗੀਆਂ-ਤਰਾਸ਼ੀਆਂ ਆਦਿ ਦੈਂ ਤਾਂ ਨਾਲ ਜ਼ਬਰਦਸਤ ਘੋਲ ਕਰਨਾ ਪਿਆ। ਅਜਿਹੇ ਅਵਸਰ ਤੇ ਚਿੱਤਰਕਾਰ ਕ੍ਰਿਪਾਲ ਸਿੰਘ ਨੇ ਹਿੰਮਤ ਨਹੀ ਹਾਰੀ ਤੇ ਇਕ ਬਹਾਦਰ ਸੂਰਮੇ ਵਾਂਗ ਕਲਾ ਦੇ ਪਿੜ ਵਿਚ ਅੱਗੇ ਹੀ ਵਧਦਾ ਗਿਆ।

ਸੰਨ ੧੯੫੦ ਵਿਚ ਆਲ ਇੰਡੀਆ ਫਾਈਨ ਆਰਟਸ ਸੁਸਾਇਟੀ ਵੱਲੋਂ ਸ਼ਿਮਲੇ ਵਿਚ ਆਯੋਜਿਤ ਇਕ ਪ੍ਰਦਰਸ਼ਨੀ ਵਿਚ ਭਾਗ ਲਿਆ। ਇਸ ਪ੍ਰਦਰਸ਼ਨੀ ਵਿਚ ਆਪ ਜੀ ਵੱਲੋਂ ਜਿਸ ਚਿੱਤਰ ਨੂੰ ਪ੍ਰਦਰਸ਼ਤ ਕੀਤਾ ਗਿਆ ਉਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇ-ਦਾਵਾ ਪਾੜਦੇ ਦੀ ਪ੍ਰਸਿੱਧ ਘਟਨਾ ਨੂੰ ਦਰਸਾਇਆ ਗਿਆ ਸੀ। ਇਸ ਪੇਂਟਿਗ ਨੂੰ ਵੇਖ ਕੇ ਹਰ ਅੱਖ ਦੰਗ ਰਹਿ ਗਈ ਕਿ ਇੰਨੀ ਸਾਰਥਕਤਾ, ਪ੍ਰਬੀਨਤਾ ਇਸ ਚਿੱਤਰਕਾਰ ਨੇ ਕਿਵੇਂ ਦੇ ਦਿੱਤੀ?- ਪ੍ਰਦਰਸ਼ਨੀ ਦੀ ਚੋਣ ਕਮੇਟੀ ਦੇ ਮੈਂਬਰਾਂ ਨੂੰ ਆਪ ਦੀ ਅਸਚਰਜ ਕਲਾ ਕ੍ਰਿਤ ਦੇ ਕ੍ਰਿਸ਼ਮੇ ਦਾ ਕਾਇਲ ਹੋਣਾ ਪਿਆ। ਉਨ੍ਹਾਂ ਨੂੰ ਯਕੀਨ ਹੀ ਨਹੀਂ ਸੀ ਆਉਂਦਾ ਕਿ ਇੰਨਾ ਚੰਗਾ ਤੇ ਸਫਲ ਪੇਂਟਿਗ ਇਸ ਚਿੱਤਰਕਾਰ ਦੇ ਹੱਥਾਂ ਦੀ ਕ੍ਰਿਤ ਹੋਵੇਗੀ? ਸ. ਕ੍ਰਿਪਾਲ ਸਿੰਘ ਨੇ ਸੰਨ ੧੯੫੫ ਵਿਚ ਅਪਣੀਆਂ ਕਲਾ ਕਿਰਤਾਂ ਦੀ ਪਹਿਲੀ ਇਕ ਪੁਰਖੀ ਕਲਾ ਪ੍ਰਦਰਸ਼ਨੀ ਜਲੰਧਰ ਵਿਚ ਆਯੋਜਿਤ ਕੀਤੀ। ਪ੍ਰਦਰਸ਼ਨੀ ਵਿਚ ਆਪ ਦੇ ਕੁਝ ਕੁ ਚਿੱਤਰ ਵਿਕ ਗਏ।



ਇਸ ਨਾਲ ਕਲਾਕਾਰ ਨੂੰ ਕਾਫੀ ਉਤਸ਼ਾਹ ਮਿਲਿਆ। ਜੋ ਰਕਮ ਮਿਲੀ ਉਸ ਦੀ ਕਲਾ ਸਮਗਰੀ ਖਰੀਦੀ ਅਤੇ ਹੋਰ ਚਿੱਤਰਾਂ ਨੂੰ ਉਲੀਕਣ ਵਿਚ ਜੁਟ ਗਏ। ਸੰਨ ੧੯੫੬ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਇਕ ਕਲਾ ਪ੍ਰਦਰਸ਼ਨੀ ਦਾ ਆਯੋਜਤ ਕੀਤਾ। ਪਹਿਲਾ ਇਨਾਮ ਸ. ਕ੍ਰਿਪਾਲ ਸਿੰਘ ਪ੍ਰਾਪਤ ਹੋਇਆ। ਇਹ ਉਹ ਸਮਾਂ ਸੀ ਜਦੋਂ ਆਪ ਨੂੰ ਕਲਾ ਖੇਤਰ ਵਿਚ ਪੂਰਨ ਰੂਪ ਵਿਚ ਜਾਣਿਆ ਪਹਿਚਾਣਿਆ ਜਾਣ ਲੱਗਾ।

ਆਪ ਜੀ ਦੀ ਕਲਾ ਪ੍ਰਤਿਭਾ ਤੋਂ ਪ੍ਰਭਾਵਤ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਨ ੧੯੫੫ ਵਿਚ ਸ੍ਰੀ ਅੰਮ੍ਰਿਤਸਰ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਦੀ ਸਥਾਪਨਾ ਹਿਤ ਆਪ ਦੀਆਂ ਵਡਮੁੱਲੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਨ੍ਹਾਂ ਛੇ ਸਾਲਾਂ ਦੇ ਦੌਰਾਨ ਆਪ ਦੇ ਵੱਡ-ਅਕਾਰੀ ੩੬ ਪੇਂਟਿਗਜ਼ ਦੀ ਸਿਰਜਨਾ ਕੀਤੀ। ਇਹ ਪੇਂਟਿਗਜ਼ ਵਿਸ਼ੇਸ਼ ਤੌ 'ਤੇ ਅਰਦਾਸ ਨਾਲ ਜੁੜੀਆਂ ਹੋਈਆਂ ਸਨ। ਮੂੰਹ ਬੋਲਦੀਆਂ ਪੇਂਟਿਗਜ਼ ਵਿਚ ਸਿੱਖ ਵਿਰਸਾ ਤੇ ਵਿਰਾਸਤ ਦੀ ਖੂਬਸੂਰਤ ਝਲਕ ਸੀ। ਦੇਗਾਂ ਵਿਚ ਉਬਲਦੇ, ਬੰਦ ਬੰਦ ਕਟਾਉਂਦੇ, ਚਰਖੜੀਆਂ 'ਤੇ ਚੜਦੇ, ਸਿਰਾਂ ਦੇ ਮੁੱਲ ਪਵਾਉਂਦੇ ਸੂਰਮਿਆਂ ਦੀ ਮੂੰਹ ਬੋਲਦੀਆਂ ਸ਼ਹਾਦਤਾਂ ਅੱਗੇ ਦਰਸ਼ਕਾਂ ਦੇ ਸਿਰ ਝੁਕ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਵੀ ਸਿੱਖ ਗੁਰੂ ਸਾਹਿਬਾਨ ਦੇ ਵੱਖ-ਵੱਖ ਸਮੇਂ ਅਦੁੱਤੀ ਤੇ ਅਨੂਠੇ ਘਟਨਾਵਾਂ ਨੂੰ ਚਿੱਤਰਕਾਰ ਨੇ ਅਪਣੇ ਸੂਖਮ ਜਜ਼ਬਿਆਂ ਰਾਹੀ ਸਾਕਾਰ ਕੀਤਾ ਹੈ।

ਸੰਨ ੧੯੬੩ ਤੋਂ ੧੯੬੬ ਈ. ਤਕ ਦਾ ਸਮਾਂ ਆਪ ਨੇ ਦਿਲੀ ਵਿਚ ਬਤਾਇਆ।ਇਨ੍ਹਾਂ ਤਿੰਨਾਂ ਸਾਲਾਂ ਦੇ ਸਮੇਂ ਵਿਚ ਪ੍ਰਮੁੱਖ ਰੂਪ ਵਿਚ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੇਂਟਿਗਜ਼ ਦੀ ਸਿਰਜਨਾ ਕੀਤੀ। ਇਨਾਂ ਪੇਂਟਿਗ ਦੀ ਸੇਵਾ ਆਪ ਦੀ ਕਲਾ ਕੋਸ਼ਲਤਾ ਤੋਂ ਪ੍ਰਭਾਵਿਤ ਹੋ ਕੇ ਕਲਾ-ਪ੍ਰੇਮੀ ਤੇ ਪੰਥ ਦਰਦੀ ਸ. ਮਹਿਤਾਬ ਸਿੰਘ ਹਿੰਦੂਸਤਾਨ ਰੈਫਰੀਜੇਸ਼ਨ (ਦਰਿਆ ਗੰਜ) ਨਵੀਂ ਦਿੱਲੀ ਨੇ ਕਰਵਾਈ ਜੋ ਉਨ੍ਹਾਂ ਨੇ ਬਾਦ ਵਿਚ ਦਿੱਲੀ ਕਮੇਟੀ ਨੂੰ ਸੌਂਪ ਦਿੱਤੇ ਜੋ ਬਾਅਦ ਵਿਚ ਦਿੱਲੀ ਦੇ ਸਿੱਖ ਅਜਾਇਬ ਘਰ ਦੇ ਮੋਢੀ ਚਿੱਤਰਕਾਰ ਤੇ ਨਿਰਮਾਤਾ ਵੀ ਸ. ਕ੍ਰਿਪਾਲ ਸਿੰਘ ਜੀ ਹੀ ਹਨ।

ਸੰਨ ੧੯੬੭ ਵਿਚ ਆਪ ਨੇ ਆਪਣੀ ਚਿੱਤਰਸ਼ਾਲਾ ਚੰਡੀਗੜ ਵਿਚ ਸਥਾਪਤ ਕਰ ਦਿੱਤੀ। ਇੱਥੇ ਆਪ ਨੇ ਕਈ ਪੇਂਟਿਗ ਚੰਡੀਗੜ ਆਰਟ-ਗੈਲਰੀ ਤੇ ਮਿਊਜ਼ੀਅਮ ਲਈ ਤਿਆਰ ਕੀਤੇ। ਡਾਕਟਰ ਐਮ. ਐਸ. ਰੰਧਾਵਾ ਨੇ ਆਪ ਦੀ ਕਲਾ ਤੋਂ ਪ੍ਰਭਾਵਿਤ ਹੋ ਕੇ Natural History Museum ਸਥਾਪਿਤ ਕਰਨ ਹਿਤ ਵੱਡ ਅਕਾਰੀ ਪੇਂਟਿਗਜ਼ ਬਣਾਉਣ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ।

ਚਿੱਤਰਕਾਰ ਨੇ ਗੁਰੂ ਨਾਨਕ ਸਾਹਿਬ ਦੀਆਂ ਜੀਵਨ ਘਟਨਾਵਾਂ ਨੂੰ ਆਪਣੇ ਬੁਰਸ਼ ਦੀਆਂ ਛੋਹਾਂ ਨਾਲ ਬੜੇ ਸੋਹਣੇ ਢੰਗ ਨਾਲ ਉਜਾਗਰ ਕੀਤਾ ਹੈ। ਇਨ੍ਹਾਂ ਵਿੱਚੋਂ ਮੈਨੂੰ ਦੋ ਪੇਂਟਿਗਜ਼ ਨੇ ਤਾਂ ਅਤਿਅੰਤ ਪ੍ਰਭਾਵਿਤ ਕੀਤਾ ਹੈ। ਪਹਿਲਾ ਗੁਰੂ ਨਾਨਕ ਦਾ ਬਾਬਰ ਦੇ ਦਰਬਾਰ ਵਾਲਾ ਤੇ ਦੂਜਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਾਨ ਸਰੋਵਰ ਦੀ ਯਾਤਰਾ ਵਾਲੀ ਪੇਂਟਿਗ ਹੈ। ਇਸੇ ਤਰਾਂ ਮਹਾਨ ਮੁਸਲਮਾਨ ਫਕੀਰ ਹਜ਼ਰਤ ਮੀਆਂ ਮੀਰ ਜੀ ਹੱਥੋਂ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣਾ ਕਲਾ ਕ੍ਰਿਤ ਸਾਂਝੀਵਾਲਤਾ ਦੀ ਮੂੰਹ ਬੋਲਦੀ ਤਸਵੀਰ ਹੈ। ਜਿਸ ਦਿਸ਼ਾ ਵਿਚ ਬਾਬਾ ਬੁੱਢਾ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ ਤੇ ਹੋਰ ਗੁਰਸਿੱਖਾਂ ਨੂੰ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਿੱਤਰ ਜਨਮ ਤੋਂ ਲੈ ਕੇ ਅੰਤ ਤਕ ਬੜੇ ਯਥਾਰਥਕ ਢੰਗ ਕਲਾਕਾਰ ਦੇ ਹੱਥਾਂ ਦਾ ਕਮਾਲ ਹੈ।

ਜਦੋਂ ਚਿੱਤਰਕਾਰ ਲੜਾਈਆਂ ਦੇ ਦ੍ਰਿਸ਼ਾਂ ਨੂੰ ਚਿਤਰਦਾ ਹੈ ਤਾਂ ਉਸ ਦੀ ਕਲਾ ਸਿਖਰਾਂ ਛੋਂਹਦੀ, ਪ੍ਰਤੀਤ ਹੁੰਦੀ ਹੈ। ਹਜ਼ਾਰਾਂ ਵਿਅਕਤੀਆਂ ਦਾ ਲੜਾਈ ਵਿਚ ਲੜਨਾ, ਘੋੜਿਆਂ ਦਾ ਦੌੜਣਾ, ਨੇਜ਼ਿਆਂ ਤੇ ਤਲਵਾਰਾਂ ਦੀ ਲਸ਼ਕਾਰ, ਬੰਦੂਕਾਂ ਤੇ ਤੋਪਾਂ ਦੇ ਗੋਲਿਆਂ ਨਾਲ ਧੂੰਆਂਧਾਰ ਹੋਏ ਅਕਾਸ਼, ਵਰ੍ਹਦਿਆਂ ਤੀਰਾਂ ਵਿਚ ਜੋਸ਼ੀਲੇ ਚਿਹਰਿਆਂ ਵਾਲੇ ਅਣਖੀਲੇ ਯੋਧਿਆਂ ਦਾ ਵੈਰੀ ਨੂੰ ਲਲਕਾਰਦੇ ਹੋਏ ਦਰਸਾਉਣਾ ਇਸ ਮਹਾਨ ਚਿੱਤਰਕਾਰ ਦੇ ਬੁਰਸ਼ ਦਾ ਹੀ ਚਮਤਕਾਰ ਹੈ। ਲੜਾਈ ਸੰਬੰਧੀ ਚਿੱਤਰ ਵਿਚ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦਾ ਚਮਕੌਰ ਦੇ ਜੰਗ-ਏ-ਮੈਦਾਨ 'ਚ ਲੜਨਾ, ਬਾਬ ਬੰਦਾ ਸਿੰਘ ਬਹਾਦਰ ਦਾ ਸਰਹੰਦ ਦੀ ਇੱਟ ਨਾਲ ਇੱਟ ਵਜਾਉਣਾ ਛੋਟਾ ਘੱਲੂਘਾਰਾ ਆਦਿ ਚਿੱਤਰ ਕਲਾਕਾਰ ਦੀ ਤੀਖਣ ਸੂਝ ਦਾ ਪ੍ਰਤੀਕ ਹਨ।

ਆਪ ਦੀ ਪੇਂਟਿਗਜ਼ ਪੰਜਾਬ ਦੀਆਂ ਯਾਦਗਾਰਾਂ, ਅਜਾਇਬਘਰਾਂ, ਸੰਸਥਾਵਾਂ ਤੇ ਸਮਾਰਕਾਂ ਵਿਚ ਪ੍ਰਦਰਸਿਤ ਆਪਣੀ ਕਲਾ ਦੀ ਮਹਿਕ ਖਿਡਾ ਰਹੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਭਵਨ ਵਿਖੇ ਪੰਜ ਪੇਂਟਿਗਜ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਜੁੜੀਆਂ ਪ੍ਰਦਰਸ਼ਤ ਹਨ। ਇਸ ਤਰ੍ਹਾਂ ਬਹੁਤ ਹੀ ਵੱਡ-ਅਕਾਰੀ ਪੇਂਟਿਗ ਐਂਗਲੋ ਸਿੱਖ ਵਾਰ ਨਾਲ ਸੰਬੰਧਿਤ ਫਿਰੋਜਸ਼ਾਹ ਮੈਮੋਰੀਅਲ ਵਿਖੇ ਪ੍ਰਦਸ਼ਤ ਹਨ। ਸ੍ਰੀ ਗੁਰੂ ਤੇਗ ਬਹਾਦਰ ਅਜਾਇਬ ਘਰ ਸ੍ਰੀ ਅਨੰਦਪੁਰ ਸਾਹਿਬ ਵਿਚ ੭ ਪੇਂਟਿਗ ਗੁਰੂ ਤੇਗ ਬਹਾਦਰ ਜੀ ਦੇ ਜੀਵਨ 'ਤੇ ਆਧਾਰਿਤ ਪ੍ਰਦਰਸ਼ਤ ਹਨ। ਇਸੇ ਤਰ੍ਹਾਂ ਗੁਰਦੁਆਰਾ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਚ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਬਾਬਾ ਜੁਝਾਰ ਸਿੰਘ ਜੰਗ ਦੇ ਮੈਦਾਨ ਵਿਚ ਅਪਣੇ ਜ਼ੋਹਰ ਵਿਖਾਉਂਦੇ ਦਰਸਾਏ ਗਏ ਹਨ ਜੋ ਆਪ ਦੀ ਕਲਾ ਦੇ ਸੁੰਦਰ ਪ੍ਰਤੀਕ ਹਨ। ਚੰਡੀਗੜ ਮਿਊਜੀਅਮ ਤੇ ਆਰਟ ਗੈਲਰੀ ਵਿਚ ਆਪ ਦੀਆਂ ਪੇਂਟਿਗਜ਼ ਪ੍ਰਦਰਸ਼ਿਤ ਹਨ।

ਕਲਾ ਦੇ ਖੇਤਰ ਵਿਚ ਆਪ ਜੀ ਨੂੰ ਅਨੇਕਾਂ ਮਾਣ ਤੇ ਸਨਮਾਨ ਪ੍ਰਾਪਤ ਹੋਏ ਹਨ। ਆਪ ਦੀ ਕਲਾ ਨੂੰ ਉਤਸ਼ਾਹਤ ਕਰਨ ਹਿਤ ਡਾ. ਐਮ. ਐਸ. ਰੰਧਾਵਾ ਦੀ ਬੜੀ ਸਰਪ੍ਰਸਤੀ ਰਹੀ ਹੈ। ਮਲਿਕ ਹਰਦਿੱਤ ਸਿੰਘ, ਸਿਰਦਾਰ ਕਪੂਰ ਸਿੰਘ ਤੇ ਡਾ. ਇੰਦਰਜੀਤ ਸਿੰਘ (ਸਿੰਧ ਬੈਂਕ) ਨੇ ਵੀ ਕਲਾਕਾਰ ਦੀ ਸਦਾ ਪਿੱਠ ਠੋਕੀ ਹੈ।ਉਨ੍ਹਾਂ ਦੀ ਕਲਾ ਦੇ ਪ੍ਰਸ਼ੰਸਕਾਂ ਦਾ ਘੇਰਾ ਬੜਾ ਵਿਸ਼ਾਲ ਹੈ। ਪਰ ਤਦ ਵੀ ਪ੍ਰੋ: ਸਤਬੀਰ ਸਿੰਘ, ਸ. ਭਾਨ ਸਿੰਘ, ਸ. ਤਰਲੋਚਨ ਸਿੰਘ ਨੇ ਸਮੇਂ ਸਮੇਂ ਕਲਾਕਾਰ ਨੂੰ ਉਤਸ਼ਾਹਤ ਕੀਤਾ ਹੈ। ਸੰਨ ੧੯੯੦ ਵਿਚ ਜਦੋਂ ਕਲਾਕਾਰ ਨੇ ਸਦੀਵੀ ਵਿਛੋੜਾ ਦਿੱਤਾ ਤਾਂ ਭੋਗ ਸਮੇਂ ਸ. ਗੁਰਚਰਨ ਸਿੰਘ ਟੌਹੜਾ, ਨੇ ਚਿੱਤਰਕਾਰ ਨੂੰ ਦਿਲ ਦੀਆਂ ਗਹਿਰਾਈਆਂ ਨਾਲ ਸ਼ਰਧਾ ਦੇ ਫੁਲ ਭੇਂਟ ਕੀਤੇ।

ਅੱਜ ਭਾਵੇਂ ਸ. ਕ੍ਰਿਪਾਲ ਸਿੰਘ ਜੀ ਸਾਡੇ ਵਿਚ ਨਹੀ ਪਰ ਉਨਾਂ ਦੀਆਂ ਬਣਾਈਆਂ ਕਲਾ ਕਿਰਤਾਂ ਕੌਮਾਂਤਰੀ ਗਗਨ ਉਪਰ ਧਰੂਵ ਤਾਰੇ ਵਾਂਗ ਸਦਾ ਟਿਮ-ਟਿਮਾਉਂਦੀਆਂ ਰਹਿਣਗੀਆਂ। ਉਹ ਸਮੁੱਚੇ ਪੰਥ ਲਈ ਅਪਣੀਆਂ ਅਦੁੱਤੀ ਤੇ ਸ਼ਾਨਦਾਰ ਸੇਵਾਵਾਂ ਕਰ ਕੇ ਅਪਣੀ ਅਮਿਟ ਛਾਪ ਛੱਡ ਗਏ ਹਨ। ਅੱਜ ਉਨਾਂ ਦੀ ਪਹਿਲੀ ਜਨਮ ਸ਼ਤਾਬਦੀ ਤੇ ਮੈਂ ਸ਼ਰਧਾ ਦੇ ਫੁਲ ਭੇਂਟ ਕਰਨ ਦੀ ਖੁਸ਼ੀ ਲੈਂਦਾ ਹਾਂ।





mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
Call today to get started
SANJEEV KATYAL
604.767.5194
info@katyalmortgage.ca
invis
Canada's Mortgage Experts™
MORTGAGE INTELLIGENCE®
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਗੁਰਭਜਨ ਗਿੱਲ ਦਾ .ਗ਼ਜ਼ਲ ਸੰਗ੍ਰਹਿ 'ਹਰ ਧੁਖਦਾ ਪਿੰਡ ਮੇਰਾ ਹੈ' ਸਮਾਜਿਕਤਾ ਦਾ ਪ੍ਰਤੀਕ

**ਉਜਾਗਰ ਸਿੰਘ**

ਗੁਰਭਜਨ ਗਿੱਲ ਸਥਾਪਤ ਸ਼ਾਇਰ ਹੈ। ਉਹ ਸਰਬਕਲਾ ਸੰਪੂਰਨ ਤੇ ਹਰਫਨ ਮੌਲਾ ਸਾਹਿਤਕਾਰ ਹੈ। ਉਸ ਨੂੰ ਸਾਹਿਤਕ ਇਤਿਹਾਸਕਾਰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਵਰਤਮਾਨ ਸਮੇਂ ਦੀਆਂ ਘਿਨੌਣੀਆਂ ਸਥਿਤੀਆਂ ਨੂੰ ਪਾਠਕਾਂ ਦੀ ਨਜ਼ਰਸਾਨੀ ਕਰਨ ਲਈ ਸਾਹਿਤਕ ਰੂਪ ਦੇ ਕੇ ਪ੍ਰਗਟਾਉਂਦਾ ਹੈ। ਗੁਰਭਜਨ ਗਿੱਲ ਦੀ ਇਕ ਹੋਰ ਵਿਲੱਖਣਤਾ ਹੈ ਕਿ ਉਹ ਖਾਸ ਤੌਰ 'ਤੇ ਪੰਜਾਬੀ ਅਤੇ ਉਰਦੂ ਸਾਹਿਤ ਦੇ ਹਰ ਰੂਪ ਨੂੰ ਪੜ੍ਹਦਾ ਹੈ। ਇਸ ਕਰਕੇ ਉਸ ਦੀ ਸ਼ਬਦਾਵਲੀ ਅਤੇ ਜਾਣਕਾਰੀ ਬਹੁਤ ਵਿਸ਼ਾਲ ਤੇ ਅਮੀਰ ਹੈ। ਉਸ ਦੀ ਕਮਾਲ ਇਸ ਗੱਲ ਵਿੱਚ ਹੈ ਕਿ ਉਸ ਕੋਲ ਹਰ ਭਾਸ਼ਾ ਦੇ ਸਾਹਿਤਕਾਰਾਂ ਬਾਰੇ ਜਾਣਕਾਰੀ ਦਾ ਖ਼ਜ਼ਾਨਾ ਹੈ। ਉਸ ਨੂੰ ਸਾਹਿਤਕਾਰਾਂ ਦਾ ਇਨਸਾਈਕਲੋਪੀਡੀਆ ਵੀ ਕਿਹਾ ਜਾ ਸਕਦਾ ਹੈ। ਉਸ ਦੀ ਸਾਹਿਤਕ ਸੋਚ ਆਮ ਲੋਕਾਂ ਦੀ ਸੋਚ ਬਣ ਗਈ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਦੇ ਵਿਸ਼ਾ ਵਸਤੂ ਰੰਗ ਬਿਰੰਗੇ ਅਤੇ ਵੰਨ ਸੁਵੰਨੇ ਹਨ। ਗ਼ਰੀਬਾਂ, ਮਜ਼ਲੂਮਾਂ, ਕਿਸਾਨੀ ਅਤੇ ਕੁਦਰਤ ਦੀ ਕਰੋਪੀ ਦੇ ਦਰਦ, ਵਾਤਾਵਰਨ, ਹਵਾ, ਪਾਣੀ, ਪਰਵਾਸ, ਵਹਿਮ ਭਰਮ, ਸ਼ਾਜ਼ਸ਼ਾਂ, ਸ਼ਾਹੂਕਾਰਾਂ, ਪੁਲਿਸ ਜ਼ਿਆਦਤੀਆਂ, ਨਸ਼ੇ, ਰਾਜਨੀਤੀ ਅਤੇ ਜ਼ਾਤ ਪਾਤ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਗ਼ਜ਼ਲਾਂ ਦੇ ਵਿਸ਼ੇ ਬਣਾਇਆ ਹੈ। ਉਸ ਦੀਆਂ ਗ਼ਜ਼ਲਾਂ ਦੇ ਸ਼ਬਦ ਆਪ ਮੁਹਾਰੇ ਬੋਲਦੇ ਹਨ। ਉਸ ਦਾ ਗ਼ਜ਼ਲਾਂ ਲਿਖਣ ਦਾ ਅੰਦਾਜ਼ ਵਿਲੱਖਣ ਹੈ। ਗੁਰਭਜਨ ਗਿੱਲ ਦੀਆਂ ਕਵਿਤਾਵਾਂ/ਗ਼ਜ਼ਲਾਂ ਸਮੇਂ ਦੀ ਨਜ਼ਾਕਤ ਨੂੰ ਅਨੁਭਵ ਕਰਕੇ ਲਿਖੀਆਂ ਹੋਈਆਂ ਹਨ। ਉਸ ਦੇ ਹੁਣ ਤੱਕ ਦੋ ਦਰਜਨ ਤੋਂ ਉਪਰ ਕਵਿਤਾ ਅਤੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਪ੍ਰੰਤੂ 'ਹਰ ਧੁਖਦਾ ਪਿੰਡ ਮੇਰਾ ਹੈ' ਗੁਰਭਜਨ ਗਿੱਲ ਦੇ ਸਾਹਿਤਕ ਸਫ਼ਰ ਦਾ ਪਹਿਲਾ ਗ਼ਜ਼ਲ ਸੰਗ੍ਰਹਿ ਤੇ ਦੂਜੀ ਪੁਸਤਕ ਹੈ। ਉਸ ਦੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਤੋਂ ਮਹਿਜ ਤਿੰਨ ਸਾਲ ਬਾਅਦ ਪਹਿਲਾ ਕਾਵਿ ਸੰਗ੍ਰਹਿ 'ਸ਼ੀਸ਼ਾ ਝੂਠ ਬੋਲਦਾ ਹੈ' ਆਉਣਾ ਆਪਣੇ ਆਪ ਵਿੱਚ ਉਸ ਦੀ ਸਾਹਿਤਕ ਪ੍ਰਤਿਭਾ ਦਾ ਸਬੂਤ ਹੈ। ਉਸ ਤੋਂ 7 ਸਾਲ ਬਾਅਦ ਗ਼ਜ਼ਲ ਸੰਗ੍ਰਹਿ 'ਹਰ ਧੁਖਦਾ ਪਿੰਡ ਮੇਰਾ ਹੈ' ਪ੍ਰਕਾਸ਼ਤ ਹੋਇਆ ਸੀ। ਇਹ ਉਸ ਗ਼ਜ਼ਲ ਸੰਗ੍ਰਹਿ ਦਾ ਤੀਜਾ ਐਡੀਸ਼ਨ ਹੈ, ਜਿਹੜਾ ਵੱਡੇ ਰੂਪ ਵਿੱਚ 2021 ਵਿੱਚ ਪ੍ਰਕਾਸ਼ਤ ਹੋਇਆ ਸੀ। ਇਹ ਗ਼ਜ਼ਲ ਸੰਗ੍ਰਹਿ ਪੜ੍ਹਕੇ ਇਜ ਮਹਿਸੂਸ ਹੁੰਦਾ ਹੈ ਕਿ ਗੁਰਭਜਨ ਗਿੱਲ ਚੜ੍ਹਦੀ ਉਮਰ ਵਿੱਚ ਵੀ ਪ੍ਰੌੜ੍ਹ ਗ਼ਜ਼ਲਗੋ ਦੀ ਤਰ੍ਹਾਂ ਲਿਖਦਾ ਰਿਹਾ ਹੈ। ਗੁਰਭਜਨ ਗਿੱਲ ਦੀਆਂ ਮੁੱਢਲੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦੇ ਵਿਸ਼ਿਆਂ ਵਿੱਚ ਇਸ ਸਮੇਂ ਤੱਕ ਵੀ ਬਹੁਤੀ ਤਬਦੀਲੀ ਨਹੀਂ ਆਈ ਪ੍ਰੰਤੂ ਸੁਰ ਤਾਲ, ਰਦੀਫ ਅਤੇ ਸਾਹਿਤਕ ਮਾਪ ਦੰਡਾਂ ਵਿੱਚ ਪਰਪੱਕਤਾ ਜ਼ਰੂਰ ਆਈ ਹੈ। ਇਸ ਗ਼ਜ਼ਲ ਸੰਗ੍ਰਹਿ ਵਿੱਚ ਉਸ ਨੇ ਗ਼ਜ਼ਲ ਦੇ ਮਾਪ ਦੰਡਾਂ ਨੂੰ ਬਹੁਤੀ ਮਹੱਤਤਾ ਨਹੀਂ ਦਿੱਤੀ ਪ੍ਰੰਤੂ ਵਿਸ਼ੇ ਸਮਾਜਿਕ ਤਾਣੇ ਬਾਣੇ ਵਿੱਚ ਵਾਪਰ ਰਹੀਆਂ ਘਟਨਾਵਾਂ ਨਾਲ ਸੰਬੰਧਤ ਹਨ। ਉਹ ਆਮ ਕਵੀਆਂ ਅਤੇ ਗ਼ਜ਼ਲਗੋ ਵਾਂਗੂੰ ਆਪਣੀਆਂ ਰਚਨਾਵਾਂ ਵਿੱਚ ਪਿਆਰ ਮੁਹੱਬਤ ਤੇ ਬਿਰਹਾ ਦੇ ਰੋਣੇ ਧੋਣੇ ਨਹੀਂ ਰੋਂਦਾ। ਉਸ ਦੀਆਂ ਸਾਰੀਆਂ ਗ਼ਜ਼ਲਾਂ ਵਿੱਚੋਂ ਇਨਸਾਨੀਅਤ ਦੇ ਦਰਦ ਦੀ ਪੀੜ ਦ੍ਰਿਸ਼ਟਾਂਤਿਕ ਰੂਪ ਵਿੱਚ ਝਲਕਦੀ ਹੈ। ਗਜ਼ਲ ਪੜ੍ਹਦਿਆਂ ਹੀ ਵਾਪਰ ਰਹੀ ਘਟਨਾ ਦਾ ਸੀਨ ਵਿਖਾਈ ਦੇਣ ਲਗਦਾ ਹੈ। ਇਹੋ ਗ਼ਜ਼ਲਗੋ ਦੀ ਕਾਬਲੀਤ ਦਾ ਸਬੂਤ ਹੈ। ਉਸ ਦੀਆਂ ਗ਼ਜ਼ਲਾਂ ਨੀਰਸ ਨਹੀਂ ਹੁੰਦੀਆਂ ਸਗੋਂ ਜੋਸ਼ ਪੈਦਾ ਕਰਦੀਆਂ ਹਨ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਸਮਾਜ ਦੇ ਯਥਾਰਥ ਦਾ ਸ਼ੀਸ਼ਾ ਹਨ। ਸਾਹਿਤਕਾਰ ਦਾ ਮੰਤਵ ਸਿਰਫ ਪਾਠਕਾਂ ਦਾ ਮਨੋਰੰਜਨ ਕਰਨਾ ਹੀ ਨਹੀਂ ਹੁੰਦਾ ਪ੍ਰੰਤੂ ਉਸ




ਦੀ ਰਚਨਾਵਾਂ ਸਮਾਜ ਵਿੱਚ ਰੋਜ ਮਰ੍ਰਾ ਦੀਆਂ ਵਿਸੰਗਤੀਆਂ ਨਾਲ ਸੰਬੰਧਤ ਵੀ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਲੋਕਾਈ ਲਈ ਪ੍ਰੇਰਨਾ ਸਰੋਤ ਬਣਨ। ਗੁਰਭਜਨ ਗਿੱਲ ਦੀਆਂ ਕੱਚੀ ਉਮਰ ਵਿੱਚ ਲਿਖੀਆਂ ਗ਼ਜ਼ਲਾਂ ਵੀ ਪਾਠਕਾਂ ਅਤੇ ਖਾਸ ਤੌਰ 'ਤੇ ਨਵੇਂ ਉਭਰ ਰਹੇ ਸਾਹਿਤਕਾਰਾਂ ਲਈ ਪ੍ਰੇਰਨਾ ਸਰੋਤ ਬਣਦੀਆਂ ਹਨ। ਉਸ ਦੀਆਂ ਗ਼ਜ਼ਲਾਂ ਪਾਠਕਾਂ ਨੂੰ ਅਜਿਹੇ ਤੁਣਕੇ ਮਾਰਦੀਆਂ ਹਨ ਕਿ ਉਹ ਸਮਾਜਕ ਦੁਖਾਂਤ ਨੂੰ ਸਿਰਫ ਮਹਿਸੂਸ ਹੀ ਨਹੀਂ ਕਰਵਾਉਂਦੀਆਂ ਸਗੋਂ ਉਨ੍ਹਾਂ ਦੇ ਹਲ ਲਈ ਵੀ ਪ੍ਰੇਰਿਤ ਕਰਦੀਆਂ ਹਨ। ਲਗਪਗ ਉਸ ਦੀ ਹਰ ਗ਼ਜ਼ਲ ਸਮਾਜਿਕ ਵਰਤਾਰੇ ਵਿੱਚ ਹੋ ਰਹੇ ਗ਼ਲਤ ਕੰਮਾ ਦਾ ਪਰਦਾ ਫਾਸ਼ ਕਰਦੀ ਹੈ ਪ੍ਰੰਤੂ ਗ਼ਜ਼ਲ ਦਾ ਆਖ਼ਰੀ ਸ਼ਿਅਰ ਉਸ ਦੇ ਹਲ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਤੋਂ ਭਾਵ ਹੈ ਕਿ ਉਸ ਦੀਆਂ ਗ਼ਜ਼ਲਾਂ ਸਮਾਜ ਵਿੱਚ ਵਾਪਰ ਰਹੀਆਂ ਦੁਸ਼ਾਵਰੀਆਂ ਬਾਰੇ ਜਾਣਕਾਰੀ ਹੀ ਨਹੀਂ ਦਿੰਦੀਆਂ ਸਗੋਂ ਉਨ੍ਹਾਂ ਤੋਂ ਖਹਿੜਾ ਕਿਵੇਂ ਛੱਡਵਾਇਆ ਜਾਵੇ, ਉਸ ਲਈ ਹੱਲਾ ਸ਼ੇਰੀ ਦਿੰਦੀਆਂ ਹਨ। ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਦੀ ਸ਼ਬਦਾਵਲੀ ਅਤੇ ਸ਼ੈਲੀ ਦਿਹਾਤੀ ਧਰਾਤਲ ਵਿੱਚੋਂ ਲਈ ਗਈ ਨਿਵੇਕਲੀ ਹੈ। ਗੁਰਭਜਨ ਗਿੱਲ ਤਿੱਖੀ ਬੁੱਧੀ ਦਾ ਮਾਲਕ ਹੈ, ਉਸ ਦਾ ਜੀਵਨ ਨੂੰ ਵੇਖਣ ਅਤੇ ਪਰਖਣ ਦਾ ਅਨੁਭਵ ਵਿਸ਼ਾਲ ਹੈ, ਜਿਸ ਕਰਕੇ ਉਸ ਨੇ ਵੇਖਕੇ ਜੋ ਮਹਿਸੂਸ ਕੀਤਾ ਉਸ ਨੂੰ ਬੇਬਾਕੀ ਨਾਲ ਲਿਖਿਆ ਹੈ। ਉਸ ਦੀ ਬੇਬਾਕੀ ਆਪਣੇ ਸਾਹਿਤਕਾਰ ਭਾਈਚਾਰੇ ਨੂੰ ਵੀ ਬਖ਼ਸ਼ਦੀ ਨਹੀਂ, ਉਹ ਕਲਮਾ ਵਾਲਿਆਂ 'ਤੇ ਵਿਅੰਗਮਈ ਸੰਕੇਤਕ ਕਟਾਕਸ਼ ਕਰਦਿਆਂ ਲਿਖਦਾ ਹੈ:

ਡੁੱਲ੍ਹੇ ਖ਼ੂਨ ਦਾ ਲੇਖਾ-ਜੋਖਾ ਕੌਣ ਕਰੇਗਾ ਯਾਰੋ,
ਕਲਮਾਂ ਦੇ ਵੱਲ ਘੂਰ ਰਿਹਾ ਏ ਚੁੱਪ ਕੀਤਾ ਅਸਮਾਨ।




ਕਿਉਂ ਤੇਰੇ ਹੋਠਾਂ 'ਤੇ ਚੁੱਪ ਦਾ ਪਹਿਰਾ,
ਨਾਗ ਤਾਂ ਜ਼ਹਿਰੀ ਮੁਸਕਣੀਆਂ ਸੰਗ ਖੇਲ੍ਹੇ।

'ਹਰ ਧੁਖਦਾ ਪਿੰਡ ਮੇਰਾ ਹੈ' ਗ਼ਜ਼ਲ ਸੰਗ੍ਰਹਿ ਦੇ ਨਾਮ ਤੋਂ ਸਾਬਤ ਹੁੰਦਾ ਹੈ ਕਿ ਇਸ ਵਿੱਚ ਪਿੰਡਾਂ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਵਰਣਨ ਹੋਵੇਗਾ, ਜੋ ਸੱਚ ਸਾਬਤ ਹੋ ਰਿਹਾ ਹੈ। ਗ਼ਜ਼ਲਗੋ ਸ਼ਹਿਰਾਂ ਅਤੇ ਪਿੰਡਾਂ ਦੇ ਲੋਕਾਂ ਦੀ ਸੋਚਣੀ ਦੇ ਅੰਤਰ ਦਾ ਜ਼ਿਕਰ ਵੀ ਕਰਦਾ ਹੈ। ਸ਼ਹਿਰਾਂ ਵਾਲਿਆਂ ਨੂੰ ਪਿੰਡਾਂ ਵਾਲਿਆਂ ਦੇ ਦਰਦ ਦੀ ਪੀੜ ਬਾਰੇ ਉਤਨੀ ਜਾਣਕਾਰੀ ਨਹੀਂ। ਸਰਕਾਰੀ ਤੰਤਰ ਪਿੰਡਾਂ ਦੇ ਲੋਕਾਂ ਦੀਆਂ ਮਜ਼ਬੂਰੀਆਂ ਦਾ ਲਾਭ ਉਠਾਉਂਦਾ ਹੋਇਆ ਲੁੱਟਦਾ ਹੈ। ਇਨ੍ਹਾਂ ਸਾਰੀਆਂ ਅਲਾਮਤਾਂ ਦੇ ਬਾਵਜੂਦ ਗ਼ਜ਼ਲਗੋ ਨਿਰਾਸ਼ ਨਹੀਂ, ਉਸ ਨੂੰ ਆਸ ਹੈ ਕਿ ਇਕ ਨਾ ਇਕ ਦਿਨ ਪਿੰਡਾਂ ਦੇ ਲੋਕ ਜਾਗ੍ਰਤ ਹੋਣਗੇ ਤੇ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋਣਗੇ। ਉਹ ਕਿਸੇ ਇਨਕਲਾਬ ਦੇ ਸਪਨੇ ਵੇਖ ਰਿਹਾ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿੱਚ ਜ਼ੁਲਮਾਂ, ਵਧੀਕੀਆਂ, ਧੋਖਿਆਂ ਦਾ ਬੋਲਬਾਲਾ ਹੋਣ ਦੇ ਬਾਵਜੂਦ ਆਸ਼ਾ ਦੀ ਕਿਰਨ ਵੀ ਵਿਖਾਈ ਦਿੰਦੀ ਹੈ। ਪਿੰਡਾਂ ਦੇ ਲੋਕਾਂ ਦੀ ਤ੍ਰਾਸਦੀ ਬਾਰੇ ਉਸ ਦੀਆਂ ਗ਼ਜ਼ਲਾਂ ਦੇ ਹੇਠ ਲਿਖੇ ਸ਼ਿਅਰ ਸ਼ਪਸਟ ਕਰਦੇ ਹਨ ਕਿ ਗੁਰਭਜਨ ਗਿੱਲ ਲੋਕਾਈ ਦੇ ਦਰਦ ਬਾਰੇ ਕਿਤਨਾ ਚਿੰਤਾਜਨਕ ਹੈ:

ਜਿੱਥੇ ਕਿਧਰੇ ਚੀਕਾਂ ਤੇ ਕੁਰਲਾਹਟਾਂ ਦੀ ਆਵਾਜ਼ ਸੁਣੇ,
ਹਰ ਬਸਤੀ, ਘਰ, ਸ਼ਹਿਰ, ਦੇਸ਼ ਤੇ ਹਰ ਧੁਖਦਾ ਪਿੰਡ ਮੇਰਾ ਹੈ।
ਸਾਡੇ ਪਿੰਡ ਤਾਂ ਫੂਹੜੀ ਵਿਛ ਗਈ ਗੜ੍ਹੇਮਾਰ ਦੇ ਮਗਰੋਂ,
ਸ਼ਹਿਰਾਂ ਦੇ ਵਿੱਚ ਲਾਊਡ-ਸਪੀਕਰ ਉੱਚੀ ਉੱਚੀ ਗਾਵੇ।
ਠੰਢਾ-ਚੁੱਲ੍ਹਾ ਖ਼ਾਲੀ-ਬੋਰੀ ਸੱਖਣੇ-ਪੀਪੇ ਰੋਂਦੇ,
ਵੇਖ ਭੜੋਲੀਆਂ ਖ਼ਾਲਮ-ਖ਼ਾਲੀ ਸਾਹ-ਸਤ ਮੁੱਕਦਾ ਜਾਵੇ।
ਧਰਤੀ ਤੇ ਕੁਰਲਾਹਟ ਪਈ ਹੈ ਕੌਣ ਸੁਣੇ ਅਰਜ਼ੋਈ,
ਸਾਡੀਆਂ ਕਣਕਾਂ ਦਾ ਰਖ਼ਵਾਲਾ ਹੈ ਸਰਕਾਰੀ ਸਾਨ੍ਹ।
ਕੁਝ ਮੌਸਮ ਦੀ ਭੇਟ ਚੜ੍ਹ ਗਿਆ ਬਾਕੀ ਜੋ ਵੀ ਬਚਿਆ,
ਦਾਣਾ ਫੱਕਾ ਹੂੰਝ ਕੇ ਲੈ ਗਏ ਰਲ ਮੰਡੀਆਂ ਦੇ ਚੋਰ।
ਆਦਮ-ਬੋ ਆਦਮ-ਬੋ ਕਰਦੇ ਫਿਰਨ ਸ਼ਿਕਾਰੀ ਏਥੇ,
ਖੇਤਾਂ ਤੇ ਮਲ੍ਹਿਆਂ ਦੀ ਥਾਵੇਂ ਫ਼ੈਲਣ ਸ਼ਹਿਰ ਗਿਰਾਂ।
ਜਿਸ ਨੇ ਮੇਰੇ ਵੱਸਦੇ ਪਿੰਡ ਨੂੰ ਮਿੱਟੀ ਵਿੱਚ ਮਿਲਾਇਆ ਹੈ,
ਉਹ ਹੀ ਅੱਜ ਬਿਠਾ ਕੇ ਮੈਨੂੰ ਸਬਕ ਦਏ ਧਰਵਾਸ ਦਾ।
ਪਿੰਡ ਜਾਗਣਗੇ ਸੰਭਾਲਣਗੇ ਵੀ ਮਿੱਟੀ,
ਮੁੜ ਉਸਾਰਨਗੇ ਉਹੀ ਢੱਠੇ ਘਰਾਂ ਨੂੰ।

ਪੰਜਾਬ ਵਿੱਚ 80ਵਿਆਂ ਤੋਂ ਕਾਲਾ ਦੌਰ ਸ਼ੁਰੂ ਹੋਇਆ, ਜਿਸਦਾ ਸੇਕ ਲਗਪਗ ਹਰ ਪੰਜਾਬੀ ਪਰਿਵਾਰ ਨੂੰ ਹੰਢਾਉਣਾ ਪਿਆ। 1980 ਤੋਂ 85 ਤੱਕ ਜੋ ਪੰਜਾਬ ਵਿਚ ਇਨਸਾਨੀਅਤ ਦਾ ਘਾਣ ਹੋਇਆ, ਉਸ ਬਾਰੇ ਗੁਰਭਜਨ ਗਿੱਲ ਦਾ ਸਾਹਿਤਕ ਮਨ ਪ੍ਰਭਾਵਤ ਹੋਏ ਬਿਨਾ ਰਹਿ ਨਹੀਂ ਸਕਿਆ। ਇਸ ਲਈ ਉਸ ਨੇ ਇਸ ਗ਼ਜ਼ਲ ਸੰਗ੍ਰਹਿ ਵਿੱਚ ਉਸ ਦੌਰ ਦੀਆਂ ਕੋਝੀਆਂ ਹਰਕਤਾਂ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਇਆ ਹੈ। ਇਹ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਸਿੰਬਾਲਿਕ ਹਨ, ਸਾਹਿਤਕ ਪਿਉਂਦ ਨਾਲ ਉਨ੍ਹਾਂ ਵਿਚ ਕਾਲੇ ਦੌਰ ਦਾ ਜ਼ਿਕਰ ਕੀਤਾ ਗਿਆ ਹੈ। ਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ ਇਸ ਪ੍ਰਕਾਰ ਹਨ:

ਘੋੜ-ਸਵਾਰ ਬੰਦੂਕਾਂ ਵਾਲੇ ਮੱਲ ਖਲੋਤੇ ਬੂਹੇ,
ਅੰਦਰ ਬਾਹਰ ਲੈਣ ਤਲਾਸ਼ੀ ਅਣਦੱਸੇ ਮਹਿਮਾਨ।
ਜਿਨ੍ਹਾਂ ਰੁੱਖਾਂ ਕੋਲ ਫ਼ਲ ਫੁੱਲ ਹਰੇ ਪੱਤੇ ਸਨ,
ਐਸਾ ਸੇਕਿਆ ਹਵਾ ਨੇ ਹੋਏ ਕੋਲ਼ਿਆਂ ਦੇ ਵਾਂਗ।
ਜੇ ਰਾਤਾਂ ਕਾਲੀਆਂ ਤੇ ਲੰਮੀਆਂ ਏਦਾਂ ਹੀ ਰਹੀਆਂ ਤਾਂ,
ਮੈਂ ਕੀਕਣ ਚਾਨਣੀ ਵਿਚ ਫ਼ਲਣ ਵਾਲਾ ਬਿਰਖ਼ ਲਾਵਾਂਗਾ।
ਅੰਬਰ ਦੇ ਵਿੱਚ ਤਰਦੀ ਹੋਈ ਕਦੇ ਵੀ ਡੁੱਬ ਸਕਦੀ ਹੈ,
ਅਪਣੀ ਗੁੱਡੀ ਦੀ ਨਾ ਜਦ ਤੱਕ ਆਪ ਸੰਭਾਲੂ ਡੋਰ।
ਝੱਖੜ-ਝਾਂਜਾ ਤੇਜ਼ ਹਨ੍ਹੇਰੀ ਅੱਗ ਬਲੇ ਪਈ ਜੰਗਲ ਵਿਚ,
ਫਿਰ ਵੀ ਬੂਟਾ ਪਾਲ ਰਿਹਾ ਹਾਂ ਰੰਗ-ਬਿਰੰਗੀ ਆਸ ਦਾ।
'ਵਰ੍ਹਿਆਂ ਤੋਂ ਸਾਂਭਿਆ ਹੈ ਜਿਸ ਚਾਨਣੀ ਦਾ ਸੁਪਨਾ,
ਨੱਚਦੇ ਹਾਂ ਨਾਚ ਕਿਹੜਾ ਕਿਸਦੇ ਇਸ਼ਾਰਿਆਂ 'ਤੇ।
ਅਖ਼ਬਾਰਾਂ 'ਚ ਰੋਜ਼ਾਨਾ, ਮਰਿਆਂ ਦੀ ਖ਼ਬਰ ਲੱਗੇ।
ਜ਼ਹਿਰੀਲੀ ਹਵਾ ਦਾ ਹੀ, ਹਰਫਾਂ ਤੇ ਅਸਰ ਲੱਗੇ।

ਪੰਜਾਬ ਵਿਚ ਅਵਾਰਾ ਪਸ਼ੂਆਂ ਨੇ ਲੋਕਾਈ ਦਾ ਜਿਓਣਾ ਦੁੱਭਰ ਕਰ ਦਿੱਤਾ ਹੈ। ਗਲੀਆਂ, ਮਹੱਲਿਆਂ ਅਤੇ ਬਾਜ਼ਾਰਾਂ ਵਿਚ ਅਨੇਕਾਂ ਪਸ਼ੂ ਘੁੰਮਦੇ ਵਿਖਾਈ ਦਿੰਦੇ ਹਨ, ਜਿਨ੍ਹਾਂ ਨੇ ਕਈ ਮਨੁਖੀ ਜਾਨਾ ਵੀ ਲੈ ਲਈਆਂ ਹਨ। ਇਨ੍ਹਾਂ ਸੰਬੰਧੀ ਗੁਰਭਜਨ ਗਿੱਲ ਦਾ ਸ਼ਿਅਰ ਹੈ:

ਭੁੱਖ ਦੀ ਸਤਾਈ ਪਈ ਗੰਦਗੀ ਫ਼ਰੋਲਦੀ,
ਜਿਹਨੂੰ ਅਸੀਂ ਆਖਦੇ ਹਾਂ ਗਾਂ ਸਾਡੀ ਮਾਂ ਹੈ।

150 ਰੁਪਏ ਕੀਮਤ, 72 ਪੰਨਿਆਂ ਵਾਲਾ 'ਹਰ ਧੁਖਦਾ ਪਿੰਡ ਮੇਰਾ ਹੈ' ਗ਼ਜ਼ਲ ਸੰਗ੍ਰਹਿ ਸਤਵਿਕ ਬੁਕਸ ਅਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਨੇ ਪ੍ਰਕਾਸ਼ਤ ਕੀਤਾ ਹੈ। ਇਹ ਗ਼ਜ਼ਲ ਸੰਗ੍ਰਹਿ ਸਿੰਘ ਬਰਦਰਜ਼ ਅੰਮ੍ਰਿਤਸਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।






# ਕੈਨੇਡਾ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਜੇ ਮਿਨਹਾਸ ਵੱਲੋਂ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦਾ ਦੌਰਾ

ਸਰੀ (ਹਰਦਮ ਮਾਨ)- ਕੈਨੇਡਾ ਦੇ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਜਤਿੰਦਰ ਜੇ ਮਿਨਹਾਸ ਨੇ ਬੀਤੇ ਦਿਨ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਆਦਮਪੁਰ ਦਾ ਦੌਰਾ ਕੀਤਾ। ਇਸ ਮੌਕੇ ਕੁਲਜੀਤ ਸਿੰਘ ਮਿਨਹਾਸ ਕੈਨੇਡਾ, ਪਰਮਜੀਤ ਕੌਰ ਮਿਨਹਾਸ, ਸਤਨਾਮ ਸਿੰਘ ਮਿਨਹਾਸ, ਮਨਜੀਤ ਸਿੰਘ ਪਰਮਾਰ ਜਰਮਨ ਅਤੇ ਜਸਵਿੰਦਰ ਕੌਰ ਪਰਮਾਰ ਵੀ ਉਨ੍ਹਾਂ ਦੇ ਨਾਲ ਸਨ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਧਰਮਜੀਤ ਸਿੰਘ ਪਰਮਾਰ, ਬਾਬਾ ਜਨਕ ਸਿੰਘ, ਸੰਤ ਮਨਮੋਹਨ ਸਿੰਘ, ਸਕੱਤਰ ਹਰਦਮਨ ਸਿੰਘ ਮਿਨਹਾਸ ਅਤੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜਤਿੰਦਰ ਜੇ ਮਿਨਹਾਸ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਅੰਤਰਰਾਸ਼ਟਰੀ ਸਲਾਹਕਾਰ ਅਤੇ ਬੋਰਡ ਆਫ ਮੈਨੇਜਮੈਂਟ ਦੇ ਮੈਂਬਰ ਹਨ। ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ ਨੇ ਕਿਹਾ ਕਿ ਜਤਿੰਦਰ ਜੇ ਮਿਨਹਾਸ ਯੂਨੀਵਰਸਿਟੀ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ ਅਤੇ ਜਦੋਂ ਵੀ ਕੋਈ ਲੋੜ ਮਹਿਸੂਸ ਹੋਈ ਹੈ ਸ. ਮਿਨਹਾਸ ਯੂਨੀਵਰਸਿਟੀ ਅਤੇ ਬੱਚਿਆਂ ਦੇ ਹੱਕ ਵਿੱਚ ਖੜ੍ਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵੀ ਉਹ ਹਮੇਸ਼ਾ ਯੂਨੀਵਰਸਿਟੀ ਦਾ ਜ਼ਿਕਰ ਵੱਡੇ ਵੱਡੇ ਪਲੇਟਫਾਰਮਾਂ 'ਤੇ ਕਰਦੇ ਰਹਿੰਦੇ ਹਨ ਅਤੇ ਉਨਾਂ ਨੂੰ ਹਮੇਸ਼ਾ ਤਾਂਘ ਰਹਿੰਦੀ ਹੈ ਕਿ ਸੰਤ ਬਾਬਾ ਮਲਕੀਤ ਸਿੰਘ ਅਤੇ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਦੇ ਅਸ਼ੀਰਵਾਦ ਅਤੇ ਸੋਚ ਨਾਲ ਇਸ ਮੁਕਾਮ 'ਤੇ ਪਹੁੰਚੀ ਯੂਨੀਵਰਸਿਟੀ ਭਵਿੱਖ ਵਿਚ ਵੀ ਇਸੇ ਤਰ੍ਹਾਂ ਵੱਡੇ ਪੱਧਰ 'ਤੇ ਸਿੱਖਿਆ ਦੇ ਖੇਤਰ ਅੰਦਰ ਆਪਣਾ ਯੋਗਦਾਨ ਪਾਉਂਦੀ ਰਹੇ। ਜਤਿੰਦਰ ਜੇ ਮਿਨਹਾਸ ਨੇ ਯੂਨੀਵਰਸਿਟੀ ਦੇ ਸਾਰੇ ਡੀਨਜ਼, ਵੱਖ ਵੱਖ ਵਿਭਾਗਾਂ ਦੇ ਮੁਖੀਆਂ ਅਤੇ ਇੰਚਾਰਜਾਂ ਨਾਲ ਮੀਟਿੰਗ ਕੀਤੀ ਅਤੇ ਯੂਨੀਵਰਸਿਟੀ ਅੰਦਰ ਚੱਲ ਰਹੇ ਸਾਰੇ ਵਿਦਿਅਕ ਪ੍ਰੋਗਰਾਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਉਨਾਂ ਨੂੰ ਖ਼ੁਸ਼ੀ ਹੈ ਕਿ ਪੰਜਾਬ ਵਿੱਚ ਆਈਲਟਸ ਕਰ ਕੇ ਵਿਦੇਸ਼ ਜਾਣ ਦੀ ਦੌੜ ਦੇ ਬਾਵਜੂਦ ਯੂਨੀਵਰਸਿਟੀ ਅੰਦਰ ਵਿਦਿਆਰਥੀਆਂ ਦੀ ਗਿਣਤੀ ਅੱਗੇ ਨਾਲੋਂ ਵਧੀ ਹੈ ਜੋ ਇੱਥੋਂ ਦੀ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਟਾਫ ਵੱਲੋਂ ਬਾਖ਼ੂਬੀ ਨਿਭਾਈ ਜਾ ਰਹੀ ਆਪਣੀ ਜ਼ਿੰਮੇਵਾਰੀ ਦਾ ਨਤੀਜਾ ਹੈ। ਸਿੱਖਿਆ ਦੇ ਨਾਲ ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਵੀ ਯੂਨੀਵਰਸਿਟੀ ਦੇ ਬੱਚੇ ਆਪਣੇ ਪ੍ਰਦਰਸ਼ਨ ਰਾਹੀਂ ਵੱਡੇ ਪੱਧਰ 'ਤੇ ਆਪਣੀ ਧੱਕ ਜਮਾ ਰਹੇ ਹਨ। ਉਨਾਂ ਸਮੂਹ ਵਿਭਾਗ ਮੁਖੀਆਂ ਅਤੇ ਹਾਜਰ ਸਟਾਫ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਸਥਾਨ ਭਗਤੀ ਅਤੇ ਆਸਥਾ ਦਾ ਵੱਡਾ ਕੇਂਦਰ ਹੈ ਅਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸੇਵਾ ਭਾਵਨਾ ਨਾਲ ਇੱਥੇ ਬੱਚਿਆਂ ਨੂੰ ਉੱਤਮ ਸਿੱਖਿਆ ਦੇਈਏ। ਉਨਾਂ ਯਕੀਨ ਦਿਵਾਇਆ ਕਿ ਉਹ ਵਿਦੇਸ਼ੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਨਾਲ ਸਟੂਡੈਂਟਸ ਐਕਸਚੇਂਜ ਪ੍ਰੋਗਰਾਮ ਦੇ ਯਤਨ ਵੀ ਕਰਨਗੇ। ਇਸ ਮੌਕੇ ਕੁਲਜੀਤ ਸਿੰਘ ਮਿਨਹਾਸ, ਪਰਮਜੀਤ ਕੌਰ ਮਿਨਹਾਸ ਅਤੇ ਸਤਨਾਮ ਸਿੰਘ ਮਿਨਹਾਸ ਨੇ ਕਿਹਾ ਕਿ ਉਨਾਂ ਨੂੰ ਇੱਥੇ ਆ ਕੇ ਬਹੁਤ ਖ਼ੁਸ਼ੀ ਹੋਈ ਹੈ ਕਿ ਇੱਕ ਪੇਂਡੂ ਯੂਨੀਵਰਸਿਟੀ ਹੋਣ ਦੇ ਬਾਵਜੂਦ ਇੱਥੇ ਵੱਡੇ ਪੱਧਰ 'ਤੇ ਮਾਡਰਨ ਸਿੱਖਿਆ ਪ੍ਰਣਾਲੀ ਰਾਹੀਂ ਬੱਚਿਆਂ ਨੂੰ ਵਧੀਆ ਸਿੱਖਿਆ ਪਲੇਟਫਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਖ਼ਾਸ ਤੌਰ 'ਤੇ ਬੱਚਿਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ ਜਿੱਥੇ ਵਿਦੇਸ਼ਾਂ ਅੰਦਰ ਅੰਗਰੇਜ਼ੀ ਆਪਣਾ ਅਲੱਗ ਸਥਾਨ ਰੱਖਦੀ ਹੈ ਉੱਥੇ ਸਾਡੀ ਮਾਤ ਭਾਸ਼ਾ ਪੰਜਾਬੀ ਵੀ ਹੁਣ ਆਪਣੀ ਅਲੱਗ ਪਹਿਚਾਣ ਬਣਾ ਚੁੱਕੀ ਹੈ ਅਤੇ ਆਪਣੀ ਭਾਸ਼ਾ ਦੀ ਮੁਹਾਰਤ ਵੀ ਤੁਹਾਨੂੰ ਵਿਦੇਸ਼ਾਂ ਅੰਦਰ ਰੁਜ਼ਗਾਰ ਦੇ ਵਧੀਆ ਮੌਕੇ ਦੁਆ ਸਕਦੀ ਹੈ। ਯੂਨੀਵਰਸਿਟੀ ਦੇ ਸਕੱਤਰ ਹਰਦਮਨ ਸਿੰਘ ਮਿਨਹਾਸ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਰੀ ਪ੍ਰਬੰਧਕ ਕਮੇਟੀ ਇਸ ਗੱਲ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ ਕਿ ਯੂਨੀਵਰਸਿਟੀ ਅੰਦਰ ਬੱਚਿਆਂ ਨੂੰ ਵਧੀਆ ਮਾਹੌਲ ਅਤੇ ਬੇਹਤਰੀਨ ਸਿੱਖਿਆ ਪ੍ਰਬੰਧ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਮਾਹਰ ਅਤੇ ਨਿਪੁੰਨ ਬਣਾ ਕੇ ਭੇਜਿਆ ਜਾਵੇ। ਅਖੀਰ ਵਿੱਚ ਬਾਬਾ ਜਨਕ ਸਿੰਘ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ।













# ਵੈਨਕੂਵਰ ਦੇ ਲੇਖਕਾਂ ਵੱਲੋਂ ਨਾਮਵਰ ਸ਼ਾਇਰ ਗੁਰਚਰਨ ਗਿੱਲ ਮਨਸੂਰ ਦੀ ਜ਼ਿੰਦਗੀ ਦਾ ਜਸ਼ਨ ਮਨਾਇਆ





ਸਰੀ (ਹਰਦਮ ਮਾਨ)-ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਅਤੇ ਉਰਦੂ ਦੇ ਨਾਮਵਰ ਸ਼ਾਇਰ, ਬਹੁਤ ਹੀ ਨੇਕ ਦਿਲ ਇਨਸਾਨ ਅਤੇ ਉੱਚੀ ਸੁੱਚੀ ਸ਼ਖਸ਼ੀਅਤ ਦੇ ਮਾਲਕ ਗੁਰਚਰਨ ਸਿੰਘ ਗਿੱਲ ਮਨਸੂਰ ਦੀ ਜ਼ਿੰਦਗੀ ਦਾ ਜਸ਼ਨ ਮਨਾਉਣ ਲਈ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਵਿਚਾਰ ਮੰਚ ਵੱਲੋਂ ਵਿਸ਼ੇਸ਼ ਪ੍ਰੋਗਰਾਮ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੈਨਕੂਵਰ ਇਲਾਕੇ ਦੀਆਂ ਬਹੁਤ ਸਾਰੀਆਂ ਸਾਹਿਤਿਕ ਸ਼ਖਸ਼ੀਅਤਾਂ ਸ਼ਾਮਿਲ ਅਤੇ ਗਿੱਲ ਮਨਸੂਰ ਦੇ ਪਰਿਵਾਰਕ ਮੈਂਬਰਾਂ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਸਭਨਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਅਸੀਂ ਜਿੱਥੇ ਗਿੱਲ ਮਨਸੂਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ, ਉੱਥੇ ਉਹਨਾਂ ਦੇ ਸਾਢੇ 98 ਸਾਲ ਦੇ ਜੀਵਨ ਦਾ ਜਸ਼ਨ ਵੀ ਮਨਾ ਰਹੇ ਹਾਂ। ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਸਨ ਅਤੇ ਏਸੇ ਕਰਕੇ ਅਸੀਂ ਉਨ੍ਹਾਂ ਨੂੰ ਚੜ੍ਹਦੀ ਕਲਾ ਵਿੱਚ ਯਾਦ ਕਰਨ ਦਾ ਇਹ ਪ੍ਰੋਗਰਾਮ ਉਲੀਕਿਆ ਹੈ। ਉਹਨਾਂ ਕੋਲੋਂ ਅਸੀਂ ਜੀਵਨ ਜਿਉਣਾ ਸਿੱਖਿਆ ਹੈ। ਪ੍ਰੋਗਰਾਮ ਦੇ ਮੁੱਖ ਬੁਲਾਰੇ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਗਿੱਲ ਮਨਸੂਰ ਹੋਰਾਂ ਨਾਲ ਆਪਣੀ 50 ਸਾਲਾਂ ਤੋਂ ਵੀ ਵਧੇਰੇ ਦੀ ਸਾਂਝ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਮਟਕਵੀਂ ਤੋਰ, ਰਹਿਣ ਸਹਿਣ ਅਤੇ ਸਮਾਜ ਵਿਚ ਵਿਚਰਨ ਦੇ ਖ਼ੂਬਸੂਰਤ ਸੁਹਜ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਉਹ ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਹੋਣ ਦੇ ਨਾਲ ਨਾਲ ਬਹੁਤ ਵਧੀਆ ਅਧਿਆਪਕ ਅਤੇ ਖੇਡ-ਕੋਚ ਸਨ। ਸ. ਸੇਖਾ ਨੇ ਉਨ੍ਹਾਂ ਦੀ ਉਰਦੂ ਅਤੇ ਪੰਜਾਬੀ ਵਿਚ ਮੋਤੀਆਂ ਵਰਗੀ ਖੁਸ਼ਖ਼ਤ ਲਿਖਾਈ ਬਾਰੇ ਦੱਸਿਆ ਅਤੇ ਉਨ੍ਹਾਂ ਦੀ ਤਿੰਨ ਕਿਤਾਬਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਸਿੱਧ ਸ਼ਾਇਰ ਰਾਜਵੰਤ ਰਾਜ ਨੇ ਗਿੱਲ ਮਨਸੂਰ ਨੂੰ ਯਾਦ ਕਰਦਿਆਂ ਕਿਹਾ ਕਿ ਗਿੱਲ ਮਨਸੂਰ ਅਤੇ ਜੀਵਨ ਰਾਮਪੁਰੀ ਦੀ ਜੋੜੀ ਹੰਸਾਂ ਦੀ ਜੋੜੀ ਸੀ ਜਿਨ੍ਹਾਂ ਦੀ ਆਮਦ ਨਾਲ ਹਰ ਸਾਹਿਤਕ ਮਹਿਫ਼ਿਲ ਖਿੜ ਉੱਠਦੀ ਸੀ। ਜਦੋਂ ਤੋਂ ਉਹ ਬੀਮਾਰ ਹੋਏ ਸਨ ਉਦੋਂ ਤੋਂ ਕਾਵਿ ਮਹਿਫ਼ਿਲਾਂ ਵਿਚ ਓਨਾ ਰਸ ਨਹੀਂ ਸੀ ਰਿਹਾ। ਉਨ੍ਹਾਂ ਦੇ ਚਲੇ ਜਾਣ ਨਾਲ ਸਰੀ ਦੇ ਸਾਹਿਤ ਹਲਕਿਆਂ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਨਾਮਵਰ ਗ਼ਜ਼ਲਗੋ ਜਸਵਿੰਦਰ ਨੇ ਕਿਹਾ ਕਿ ਜਿਸ ਇਨਸਾਨ ਦੀ ਵਿਦਾਇਗੀ ਰੁਦਨ ਦੀ ਬਜਾਏ ਜਸ਼ਨ ਨਾਲ ਹੋਵੇ, ਉਹਨੂੰ ਮੌਤ ਵੀ ਨਹੀਂ ਮਾਰ ਸਕਦੀ। ਮਨਸੂਰ ਸਾਹਿਬ ਹਮੇਸ਼ਾ ਸਾਡੇ ਦਰਮਿਆਨ ਹਾਜ਼ਿਰ ਰਹਿਣਗੇ। ਮਹਿਫਲਾਂ ਵਿਚ ਜਦੋਂ ਕਿਸੇ ਚੰਗੇ ਸ਼ਿਅਰ ਨੂੰ ਦਾਦ ਮਿਲੇਗੀ ਤਾਂ ਸਭ ਤੋਂ ਭਰਵੀਂ ਅਦਿੱਖ ਆਵਾਜ਼ ਮਨਸੂਰ ਸਾਹਿਬ ਦੀ ਹੋਵੇਗੀ, ਜੋ ਸਾਨੂੰ ਸਭ ਨੂੰ ਮਹਿਸੂਸ ਹੋਏਗੀ। ਮਰਹੂਮ ਗਿੱਲ ਮਨਸੂਰ ਦੇ ਸ਼ਾਇਰ ਬੇਟੇ ਦਸ਼ਮੇਸ਼ ਗਿੱਲ ਫ਼ਿਰੋਜ਼ ਨੇ ਕਿਹਾ ਕਿ ਉਹਨਾਂ ਦੀ ਜ਼ਿੰਦਗੀ ਦੀ ਤੁਲਨਾ ਜੇ ਇੱਕ ਕਿਤਾਬ ਦੇ ਨਾਲ ਕਰੀਏ ਤਾਂ ਉਹ ਸਾਢੇ 98 ਸਫਿਆਂ ਵਾਲੀ ਕਿਤਾਬ ਹੈ ਜਿਸ ਦੇ ਇੱਕ ਇੱਕ ਸਫੇ ਅੰਦਰ ਕਈ ਹਜ਼ਾਰ ਸਫੇ ਛੁਪੇ ਹੋਏ ਹਨ। ਉਸ ਕਿਤਾਬ ਦੀ ਖ਼ੂਬਸੂਰਤੀ ਹੈ ਕਿ ਤੁਸੀਂ ਉਸ ਨੂੰ ਵਾਰ ਵਾਰ ਪੜ੍ਹ ਸਕਦੇ ਹੋ ਤੇ ਉਸ ਤੋਂ ਬਹੁਤ ਕੁਝ ਸਿੱਖ ਸਕਦੇ ਹੋ। ਇਹ ਕਿਤਾਬ ਕਈ ਵਾਰੀ ਪੜ੍ਹੀ ਜਾ ਸਕਦੀ ਪਰ ਉਸ ਕਿਤਾਬ ਦੀ ਇੱਕੋ ਹੀ ਗੱਲ ਮਾੜੀ ਹੈ ਕਿ ਅਖੀਰ 'ਤੇ ਹੀਰੋ ਨਹੀਂ ਰਹਿੰਦਾ। ਇਹ ਕਿਤਾਬ ਕਦੇ ਵੀ ਖਤਮ ਨਹੀਂ ਹੁੰਦੀ, ਤੁਸੀਂ ਜਦੋਂ ਮਰਜ਼ੀ ਚੁੱਕ ਕੇ ਪੜ੍ਹ ਸਕਦੇ ਹੋ। ਉਨ੍ਹਾਂ ਮਨਸੂਰ ਸਾਹਿਬ ਦੀ ਜ਼ਿੰਦਗੀ ਦਾ ਜਸ਼ਨ ਮਨਾਉਣ ਲਈ ਗ਼ਜ਼ਲ ਮੰਚ ਸਰੀ ਅਤੇ ਵੈਨਕੂਵਰ ਵਿਚਾਰ ਮੰਚ ਦਾ ਸ਼ੁਕਰਾਨਾ ਕੀਤਾ। ਮਨਸੂਰ ਗਿੱਲ ਦੀ ਬੇਟੀ ਕਮਲ ਥਿੰਦ ਅਤੇ ਦੋਹਤੀ ਤਰੰਨਮ ਥਿੰਦ ਨੇ ਕਿਹਾ ਕਿ ਸਾਨੂੰ ਮਨਸੂਰ ਹੋਰਾਂ ਦੇ ਪਰਿਵਾਰ ਦੀਆਂ ਬੇਟੀਆਂ ਹੋਣ 'ਤੇ ਬਹੁੱਦ ਫ਼ਖ਼ਰ ਹੈ। ਤਰੰਨਮ ਨੇ ਕਿਹਾ ਕਿ ਅੱਜ ਦੇ ਯੁਗ ਵਿਚ ਜਿੱਥੇ ਹਰ ਇਨਸਾਨ ਤੁਹਾਡੇ ਪਹਿਰਾਵੇ, ਤੁਹਾਡੇ ਸੋਸ਼ਲ ਸਟੇਟਸ ਨੂੰ ਦੇਖ ਕੇ ਤੁਹਾਡੇ ਬਾਰੇ ਆਪਣੀ ਰਾਇ ਬਣਾਉਂਦਾ ਹੈ ਕਿ ਤੁਸੀਂ ਕਿਹੜੇ ਧਰਮ, ਮਜ਼ਹਬ, ਜਾਤ ਨਾਲ ਸੰਬੰਧਤ ਹੋ ਪਰ ਗਿੱਲ ਮਨਸੂਰ ਹੋਰਾਂ ਨੇ ਕਦੇ ਵੀ ਕਿਸੇ ਬਾਰੇ ਇਸ ਤਰ੍ਹਾਂ ਨਹੀਂ ਸੀ ਸੋਚਿਆ। ਉਹਨਾਂ ਵਾਸਤੇ ਸਾਰੇ ਹੀ ਬਰਾਬਰ ਸਨ ਅਤੇ ਉਹ ਹਮੇਸ਼ਾ ਕਹਿੰਦੇ ਸਨ 'ਆਈ ਲਵ ਯੂ ਆਲ'। ਗਿੱਲ ਮਨਸੂਰ ਨੂੰ ਯਾਦ ਕਰਦਿਆਂ ਪ੍ਰਸਿੱਧ ਸ਼ਾਇਰ ਅਜਮੇਰ ਰੋਡੇ, ਹਿੰਦੀ ਸਾਹਿਤਕਾਰ ਸ੍ਰੀਨਾਥ ਪ੍ਰਸਾਦ ਦਿਵੇਦੀ, ਉਸਤਾਦ ਗਜ਼ਲਗੋ ਕ੍ਰਿਸ਼ਨ ਭਨੋਟ, ਅੰਗਰੇਜ਼ ਬਰਾੜ, ਪਰਮਿੰਦਰ ਕੌਰ ਸਵੈਚ, ਸੁਖਜੀਤ ਕੌਰ, ਇੰਦਰਜੀਤ ਧਾਮੀ, ਨਰਿੰਦਰ ਬਾਹੀਆ, ਕਵਿੰਦਰ ਚਾਂਦ, ਪ੍ਰੀਤ ਮਨਪ੍ਰੀਤ, ਗੁਰਦੀਪ ਭੁੱਲਰ, ਮਹਿੰਦਰਪਾਲ ਸਿੰਘ ਪਾਲ, ਗੁਰਮੀਤ ਸਿੱਧੂ, ਅਮਰੀਕ ਪਲਾਹੀ, ਹਰਦਮ ਸਿੰਘ ਮਾਨ ਅਤੇ ਜਰਨੈਲ ਸਿੰਘ ਆਰਟਿਸਟ ਨੇ ਕਿਹਾ ਕਿ ਉਹ ਜ਼ਿੰਦਗੀ ਦਾ ਜੋ ਸੁਹਜ, ਜ਼ਿੰਦਗੀ ਦੀ ਸਮਝ ਸਾਨੂੰ ਦੇ ਕੇ ਗਏ ਹਨ ਉਸ ਨੂੰ ਅਪਨਾ ਕੇ, ਉਸ ਉਪਰ ਚੱਲ ਕੇ ਅਸੀਂ ਆਪਣੇ ਆਲੇ ਦੁਆਲੇ ਨੂੰ ਅਤੇ ਆਪਣੇ ਸਮਾਜ ਨੂੰ ਇਕ ਬਹੁਤ ਹੀ ਖ਼ੂਬਸੂਰਤ ਸਮਾਜ ਬਣਾ ਸਕਦੇ ਹਾਂ। ਅੰਤ ਵਿੱਚ ਵੈਨਕੂਵਰ ਵਿਚਾਰ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਸਭਨਾਂ ਸ਼ਖਸ਼ੀਅਤਾਂ ਦਾ ਅਤੇ ਵਿਸ਼ੇਸ਼ ਕਰਕੇ ਮਰਹੂਮ ਗਿੱਲ ਮਨਸੂਰ ਦੇ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕੀਤਾ।




ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

## ਕਾਵਿ-ਗੁਲਜ਼ਾਰ

# ਪੰਜਾਬੀ ਦਾ ਮਾਣਮੱਤਾ ਸ਼ਾਇਰ ਦਰਸ਼ਨ ਬੁੱਟਰ



ਪੇਸ਼ਕਸ਼

ਹਰਦਮ ਸਿੰਘ ਮਾਨ



ਦਰਸ਼ਨ ਬੁੱਟਰ ਪੰਜਾਬੀ ਦਾ ਮਾਣਮੱਤਾ ਸ਼ਾਇਰ ਹੈ। ਪੰਜਾਬੀ ਸਾਹਿਤ ਦੀ ਝੋਲੀ ਵਿੱਚ ਆਪਣੀਆਂ 8 ਕਿਤਾਬਾਂ ਰਾਹੀਂ ਉਹ ਮਹੱਤਵਪੂਰਨ ਯੋਗਦਾਨ ਪਾ ਚੁੱਕਾ ਹੈ। ਉਸ ਦੀ ਪੁਸਤਕ 'ਮਹਾਂ ਕੰਬਣੀ' ਨੂੰ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ ਹੈ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਸ ਨੂੰ ਸ਼ਰੋਮਣੀ ਕਵੀ ਅਵਾਰਡ ਨਾਲ ਨਿਵਾਜਿਆ ਗਿਆ ਹੈ। ਉਹ ਦੂਜੀ ਵਾਰ ਸਰਬਸੰਮਤੀ ਨਾਲ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਪ੍ਰਧਾਨ ਚੁਣਿਆ ਗਿਆ ਹੈ। 'ਅੱਕਾਂ ਦੀ ਕਵਿਤਾ' ਉਸ ਦੀ ਨਿਵੇਕਲੀ ਕਾਵਿ-ਪੁਸਤਕ ਹੈ ਜਿਸ ਵਿਚ ਉਸ ਨੇ ਪਿੰਡ ਦੀ ਫਿਜ਼ਾ ਵਿੱਚੋਂ ਬਿਖਰੇ ਹਾਦਸਿਆਂ ਅਤੇ ਹੌਕਿਆਂ ਨੂੰ ਚੁਗਣ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚਲੀਆਂ ਨਜ਼ਮਾਂ ਵਿੱਚ ਦੋਧੀ ਦਾਣਿਆਂ ਦੀ ਕੁਰਲਾਟ ਹੈ, ਕਣਕਾਂ ਦੀ ਕਾਂਗਿਆਰੀ ਤੇ ਇਤਰਾਜ਼ ਹੈ, ਮਾਈ ਪੰਜਾਬ ਕੌਰ ਦੇ ਦੁੱਖਾਂ ਦੀ ਭਾਰੀ ਪੰਡ ਤੇ ਦਿਆਲੇ ਦੀਆਂ ਝੁਰੜੀਆਂ 'ਚ ਅਟਕੇ ਅਥਰੂਆਂ ਦੀ ਕਥਾ ਹੈ। ਇੱਥੇ ਅਸੀਂ 'ਅੱਕਾਂ ਦੀ ਕਵਿਤਾ' ਵਿੱਚੋਂ ਕੁਝ ਕਵਿਤਾਵਾਂ ਪ੍ਰਕਾਸ਼ਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।

—ਹਰਦਮ ਸਿੰਘ ਮਾਨ

## ਅੱਕਾਂ ਦੀ ਕਵਿਤਾ

ਰੋਜ਼ ਗਾਰਡਨ ਦੀ ਹਰ ਟਹਿਣੀ ਉੱਤੇ ਖਿੜੇ
ਗੁਲਾਬਾਂ ਵਿੱਚ ਹੀ ਕਵਿਤਾ ਨਹੀਂ ਹੁੰਦੀ
ਉਜਾੜੀਂ ਉੱਗੇ
ਅੱਕਾਂ 'ਚ ਵੀ ਹੁੰਦੀ ਹੈ ਕਵਿਤਾ
ਅੱਕਾਂ ਦੀ ਕਵਿਤਾ ਪੜ੍ਹਦੇ ਨੇ
ਬੱਕਰੀਆਂ ਚਾਰਨ ਵਾਲੇ
ਪਹਿਲਾ ਜੋਤਾ ਲਾਉਣ ਵਾਲੇ
ਮਰਗਤਾਂ ਮਕਾਨਾਂ 'ਤੇ ਜਾਣ ਵਾਲੇ
ਅੱਕਾਂ ਦੀ ਕਵਿਤਾ ਸੁਣਦੀਆਂ ਨੇ
ਤੀਆਂ 'ਚ ਗਾਉਂਦੀਆਂ ਕੁੜੀਆਂ
ਸੂਤ ਅਟੇਰਦੀਆਂ ਬੁੜ੍ਹੀਆਂ
ਵੇਹੜੇ ਵਾਲੀਆਂ ਅੜੀਆਂ ਥੁੜੀਆਂ
ਅੱਕਾਂ ਦੀ ਕਵਿਤਾ ਤੋਂ ਜਾਣੂ ਨੇ
ਟਿੱਡੇ... ਕੀਟ...ਪਤੰਗ
ਜੋਗੀ... ਵੈਦ... ਨਿਹੰਗ
ਗੁਲਾਬ ਦੀ ਮਹਿਕ ਹੀ ਨਹੀਂ
ਅੱਕ ਫ਼ੰਬੀਆਂ ਵੀ ਉਡਣਾ ਜਾਣਦੀਆਂ
ਤੱਤੀਆਂ ਲੂਆਂ ਦੇ ਜਲੌਅ ਵਿੱਚ
ਅੱਕਾਂ ਦੀ ਕਵਿਤਾ ਵਿੱਚ
ਜ਼ਿੰਦਗੀ ਹੈ... ਬੰਦਗੀ ਹੈ... ਸਾਦਗੀ ਹੈ
ਸਹਿਜ ਹੈ... ਸੁਹਜ ਹੈ... ਸਕੂਨ ਹੈ
ਤੇ ਉਹ ਸਭ ਕੁਝ ਹੈ
ਜੋ ਰੋਜ਼ ਗਾਰਡਨ 'ਚ ਖਿੜੇ
ਗੁਲਾਬ ਦੇ ਫੁੱਲਾਂ ਵਿੱਚ ਨਹੀਂ

## ਐਨੀ ਕੁ ਗੱਲ

ਗੱਲ ਤਾਂ ਸਿਰਫ ਏਨੀ ਸੀ ਕਿ
ਘੀਚਰ ਕਾਣੇ ਦੀ ਘੀਚੋ ਨੇ
ਰੂੜੀਆਂ ਤੋਂ ਥਿਆਈ
ਲਿਪਸਟਿਕ ਲਾ ਕੇ ਛੱਪੜ 'ਚ ਮੂੰਹ ਵੇਖਿਆ
ਏਨੀ ਕੁ ਗੱਲ ਸੀ ਨਾ!
ਛੱਪੜ ਦੇ ਡੱਡੂਆਂ ਦੀ
ਟਰੈਂ ਟਰੈਂ ਅਜੇ ਵੀ ਕਿਉਂ ਜਾਰੀ ਹੈ?
ਗੱਲ ਤਾਂ ਸਿਰਫ ਏਨੀ ਸੀ ਕਿ
ਡਾਕ ਗੱਡੀ ਵਿੱਚ ਆਇਆ ਸੁਰਮਾ
ਪੰਜ ਰੱਤੀਆਂ ਤੋਂ ਜ਼ਰਾ ਕੁ ਘੱਟ ਸੀ
ਚੰਨ ਵਰਗੀ ਚੰਦ ਕੁਰ
ਲਟੈਣ ਨਾਲ ਰੱਸਾ ਲਪੇਟ ਕੇ ਕਿਉਂ ਲਮਕ ਗਈ
ਗੱਲ ਤਾਂ ਸਿਰਫ ਏਨੀ ਸੀ ਕਿ
ਅੱਜ ਸਵੇਰੇ ਸਵੇਰੇ
ਪਿੰਡ ਦੀ ਫਿਰਨੀ 'ਤੇ ਆ ਕੇ
ਸੂਰਜ ਦੇ ਸਾਈਕਲ ਦੀ ਚੈਨ ਉੱਤਰ ਗਈ
ਇਹ ਪਿੰਡ ਵਾਲੇ
ਬੁਝੀਆਂ ਲਾਲਟੈਣਾਂ ਫੜੀ ਕਿੱਧਰ ਭੱਜੀ ਜਾਂਦੇ ਨੇ
ਗੱਲ ਤਾਂ ਸਿਰਫ ਏਨੀ ਸੀ ਕਿ
ਬਾਜ ਦੇ ਪੰਜੇ ਚੋਂ ਛੁੱਟੀ
ਚਿੜੀ ਦਾ ਖੰਭ
ਲੰਮੀ ਪਹੀ 'ਚ ਆ ਡਿੱਗਿਆ
ਪਿੰਡ ਦਾ ਸੱਖਣਾ ਅਸਮਾਨ
ਆਥਣ ਤੀਕ
ਖੰਭਾਂ ਦੀਆਂ ਡਾਰਾਂ ਨਾਲ ਕਿਵੇਂ ਭਰ ਗਿਆ
ਗੱਲ ਤਾਂ ਸਿਰਫ ਏਨੀ ਕੁ ਸੀ
ਪਰ
ਗੱਲ ਸਿਰਫ ਏਨੀ ਕੁ ਹੀ ਕਿਉਂ ਸੀ...?...?...?

## ਐਨ ਸਵਖਤੇ

ਸਵੇਰੇ ਸਵੇਰੇ
ਪਿੰਡ ਅੰਦਰ
ਕਿੰਨੀਆਂ ਹੀ ਆਵਾਜ਼ਾਂ
ਘੁਲ ਮਿਲ ਗਈਆਂ ਇੱਕ ਦੂਜੀ ਵਿੱਚ
ਕੈਲੇ ਅਮਲੀ ਦੀਆਂ ਗਾਲ੍ਹਾਂ
ਜੀਹਦਾ ਲੇਫ਼ ਚੱਬ ਗਈ
ਕਿਲਿਓਂ ਖੁੱਲ੍ਹੀ ਗਾਂ
ਕੂੜਾ ਸਿੱਟਣ ਆਈ
ਤੇਜੋ ਦੀਆਂ ਤੱਤੀਆਂ ਤੱਤੀਆਂ
ਜੀਹਦਾ ਗਹਾਰਾ ਪੁੱਟ ਲਿਆ
ਕਿਸੇ ਜਾਏ-ਵੱਢੀ ਦੇ ਨੇ
ਅੱਕੋ ਦਾਈ ਦੇ ਵੈਣ
ਜੀਹਦੇ ਤਿੰਨੇ ਪੁੱਤ
ਅੱਗੜ ਪਿੱਛੜ ਤੁਰ ਗਏ
ਸਿਵਿਆਂ ਦੇ ਰਾਹ
ਗੁਰਦੁਆਰੇ ਦੇ ਸਪੀਕਰ ਤੋਂ
ਪਾਠ ਰੋਕ ਕੇ ਆਈ ਸੂਚਨਾ
ਰਾਤੋ ਰਾਤ ਕਈ ਮੋਟਰਾਂ ਚੋਰੀ ਹੋਣ ਦੀ
ਮੰਡੀ ਦੇ ਰਾਹ
ਨੰਗ ਜੱਟਾਂ ਦੀਆਂ ਖਾਲੀ ਟਰਾਲੀਆਂ ਦਾ ਸ਼ੋਰ
ਗਲ੍ਹੀਆਂ 'ਚ ਦੋਧੀਆਂ ਦੇ ਹਾਰਨ
ਅੱਡੇ ਤੇ ਖੜ੍ਹੇ
ਮੁੰਡਿਆਂ ਅਤੇ ਚਿੱਟੇ ਵਾਲਿਆਂ ਦੀ
ਘੁਸਰ ਮੁਸਰ
ਇੱਕ ਹੋਰ ਵੱਖਰੀ ਆਵਾਜ਼
ਆਵਾਜ਼ ਨਹੀਂ ਹੋਕਰਾ
ਫਿਰਨੀ ਵਾਲੇ ਗੱਜੂ ਬੁੜ੍ਹੇ ਦਾ
'ਭੱਜ ਲਓ ਭਾਈ ਓਏ ...
ਬੈਂਕ ਵਾਲੇ ਆ ਗਏ ਪੁਲਿਸ ਲੈ ਕੇ'
ਸਵੇਰੇ ਸਵੇਰੇ
ਪਿੰਡ ਅੰਦਰ
ਕਿੰਨੀਆਂ ਆਵਾਜ਼ਾਂ
ਘੁਲ ਮਿਲ ਗਈਆਂ ਇੱਕ ਦੂਜੀ ਵਿੱਚ

## ਭਾਨਾ ਭਾਨੀਮਾਰ

ਜਿਹੜੀ ਗਲੀ 'ਚੋਂ ਉਹ ਲੰਘਦਾ
ਆਉਂਦੀ ਹਵਾ ਪਿੱਛੇ ਮੁੜ ਜਾਂਦੀ
ਸਹਿਮ ਜਾਂਦੀ ਸੱਥ ਵਿਚਲੀ ਚਰਚਾ
ਉਹਦੀ ਆਮ ਮੁਹਾਰੀ ਗੱਲ 'ਤੇ
ਉਹਦੇ ਖੰਗੂਰੇ ਜਾਂ ਇਸ਼ਾਰੇ ਦੀਆਂ ਪਰਤਾਂ
ਉਧੇੜੀਆਂ ਜਾਂਦੀਆਂ
ਉਹ ਨਾ ਤਾਂ ਵੈਲੀ ਸੀ ਨਾ ਚੋਰ ਯਾਰ
ਬੋਲਬਾਣੀ ਵੀ ਮਿੱਠੀ ਸੀ ਅੰਤਾਂ ਦੀ
ਪਰ ਉਹਦੇ ਬੋਲਾਂ ਦੀ ਚੋਭ ਨਾਲ
ਸਾਕ ਟੁੱਟ ਜਾਂਦੇ
ਗੁੱਤੋ ਗੁੱਤੀ ਹੋ ਜਾਂਦੀਆਂ ਨੂੰਹਾਂ ਸੱਸਾਂ
ਕੰਧਾਂ ਉਸਰਨ ਲੱਗਦੀਆਂ ਤੰਗ ਵਿਹੜਿਆਂ ਅੰਦਰ
ਲਵੇਰੀਆਂ ਦੁੱਧ ਚੜ੍ਹਾ ਜਾਂਦੀਆਂ
ਪਿੰਡ ਦੀ ਫਿਜ਼ਾਅ ਸਰਗਰਮ ਰਹਿੰਦੀ ਹਰ ਵੇਲੇ
ਘਰੋਂ ਤੁਰਿਆ ਉਹ ਬੋਤੀ ਲੈ ਕੇ
ਦੂਰੋਂ ਕੀ ਵੇਖਦਾ ਹੈ
ਚੰਨੋਂ ਵਾਲਿਆਂ ਦੇ ਦਲਾਨ 'ਚ ਬੈਠੇ
ਕੁਝ ਓਪਰੇ ਬੰਦੇ
ਉਹਦੀ ਤੀਜੀ ਅੱਖ ਫਰਕੀ
ਇਹ ਤਾਂ ਸਾਕ ਕਰਨ ਆਏ ਨੇ ... ਲੰਮਢੀਗਾਂ ਦੇ
ਮੇਰੇ ਹੁੰਦਿਆਂ ਸਾਕ ਕਿਵੇਂ ਹੋ ਜੇ
ਹੌਲੀ ਹੌਲੀ ਤੁਰਦਾ ਬਿਨਾਂ ਵੇਖੇ
ਬੋਤੀ ਦੀ ਮੁਹਾਰ ਨੇੜਿਓਂ ਫੜ ਬੋਲਿਆ
"ਬਚ ਬੋਤੀਏ ਸੁੱਖ ਪਕੇ 'ਚ ਨਾ ਤਿਲਕ ਜਾਈਂ ਕਿਤੇ..."
ਮੋੜ ਮੁੜਦਿਆਂ ਵੇਖਦਾ ਹੈ
ਉਹ ਪਰੇ ਬੰਦੇ ਉੱਠ ਖੜ੍ਹੇ ਸਨ
ਚਾਹ ਵਿਚਾਲੇ ਛੱਡ ਕੇ
ਅੱਜ ਵੇਖਦਾ ਹਾਂ ਮੈਂ
ਵਰ੍ਹਿਆਂ ਦੇ ਲਿਓੜ ਚੁੱਕ ਚੁੱਕ ਕੇ
ਪਿੰਡ ਤਾਂ ਅੱਜ ਵੀ ਵੱਸਦਾ ਹੈ
ਪਰ ਕਿੰਨਾ ਬੇਜਾਨ ਹੈ
ਭਾਨੇ ਭਾਨੀਮਾਰ ਬਿਨਾ...

## ਕੱਚਾ ਚੌਂਤਰਾ

ਹੱਲਿਆਂ ਮਗਰੋਂ ਮੁਕਲਾਵੇ ਆਈ ਪੰਜਾਬ ਕੁਰ ਨੇ
ਪਹਿਲੀ ਵਾਰ ਲਿੱਪਿਆ ਸੀ ਕੱਚਾ ਚੌਂਤਰਾ
ਤਖ਼ਤ ਲਾਹੌਰ ਦਾ ਕੀ ਸੀ ਕੱਚੇ ਚੌਂਤਰੇ ਅੱਗੇ
ਕੱਚੇ ਚੌਂਤਰੇ 'ਤੇ
ਚੰਨ ਚਾਨਣੀ 'ਚ ਜੁੜਦਾ
ਕੁੜੀਆਂ ਚਿੜੀਆਂ ਦਾ ਝੁਰਮਟ
ਚਰਖਿਆਂ ਦੀ ਘੂਕਰ
ਤੰਦਾਂ ਨਾਲੋਂ ਲੰਮੀਆਂ ਹੇਕਾਂ
ਚੁੰਨੀਆਂ ਦੇ ਪੱਲਿਆਂ 'ਚੋਂ ਡੁੱਲ੍ਹਦੇ ਹਾਸੇ
ਕਿਤੇ ਕਿਤੇ, ਕੋਈ ਕੋਈ ...ਹਉਕਾ
ਵਕਤ ਦੀ ਚਲੋ ਚਾਲ ਨੇ
ਚੁੱਲ੍ਹਿਆਂ 'ਚ ਡਾਹ ਦਿੱਤੇ ਰੰਗਲੇ ਚਰਖੇ
ਉੱਡ ਪੁੱਡ ਗਈਆਂ ਰੌਣਕਾਂ
ਕੱਚੇ ਚੌਤਰੇ ਦੀਆਂ
ਪਹਿਲਾਂ ਤੰਦਾਂ ਟੁੱਟੀਆਂ
ਕਿ ਹੇਕਾਂ...ਕੌਣ ਜਾਣੇ
ਕੱਚੇ ਚੌਤਰੇ 'ਤੇ
ਪਹਿਲਾਂ ਚੁਗਲੋ ਬੈਠੀ
ਕਿ ਉਲੂ... ਕੌਣ ਜਾਣੇ
ਚਲੋ ਚਾਲ ਜਾਰੀ ਰਹੀ
ਬੁੱਢੇ ਵਕਤ ਦੀ
ਉਜੜੇ ਚੌਂਤਰੇ ਦੇ ਮੱਥੇ
ਜੁੜਨ ਲੱਗੀ
ਭਟਕੀਆਂ ਪੈੜਾਂ ਦੀ ਢਾਣੀ
ਚਿੱਟੀਆਂ ਹੋਣ ਲੱਗੀਆਂ
ਰਾਤਾਂ ਕਾਲੀਆਂ
ਚਿੱਟੀਆਂ ਮੁਲ੍ਹਾਜ਼ੇਦਾਰੀਆਂ ਨੇ
'ਚਿੱਟਾ' ਕਰ ਦਿੱਤਾ ਕੱਚਾ ਚੌਂਤਰਾ
ਅੱਜ ਉੱਜੜੇ ਤਖ਼ਤ ਕੋਲ ਬੈਠੀ
ਮਾਈ ਪੰਜਾਬੋ ਦੇ ਵੈਣ
ਚੀਰਦੇ ਜਾਂਦੇ
ਵਕ਼ਤ ਦਾ ਪਥਰੀਲਾ ਸੀਨਾ
ਕਾਹਨੂੰ ਲਿੱਪਣਾ ਸੀ ਮੈਂ
ਆਹ ਕੱਚਾ ਚੌਂਤਰਾ ...ਵੇ ਪਿੰਡਾਂ...।

## ਚੋਗ ਚੁਗਦਿਆਂ


ਦੂਰ ਦੇਸ ਦੇ ਪੰਛੀ ਹੁਣ
ਛੁੱਟੀਆਂ ਮਨਾਉਣ ਨਹੀਂ ਆਉਂਦੇ
ਬਚੇ-ਖੁਚੇ ਪਾਣੀਆਂ ਕਿਨਾਰੇ
ਰੱਬ ਦੀ ਤਲਾਸ਼ ਤੋਂ
ਕਿਤੇ ਮਹਾਨ ਹੁੰਦੀ
ਜ਼ਿੰਦਾ ਰਹਿਣ ਲਈ ਅੰਨ ਦੀ ਤਲਾਸ਼
ਹਰੇ ਹਰੇ ਖੇਤਾਂ 'ਚੋਂ
ਜੋਗੀਆਂ...ਪਰਿੰਦਿਆਂ ਨੂੰ
ਰਿਜ਼ਕ ਦਿਸਦਾ
ਸ਼ਾਹੂਕਾਰਾਂ ਨੂੰ ਵਿਆਜ
ਕਿਸਾਨ ਨੂੰ ਧੀ ਦਾ ਦਾਜ
ਅੰਨ ਦੇ ਦਾਣੇ
ਸਾਹ ਦਿੰਦੇ... ਰਾਹ ਦਿੰਦੇ
ਆਸ ਦਿੰਦੇ... ਧਰਵਾਸ ਦਿੰਦੇ
ਧੜਕਣਾਂ ਨੂੰ ਗਤੀ
ਖੰਭਾਂ ਨੂੰ ਪਰਵਾਜ਼
ਅਹਿਸਾਸਾਂ ਨੂੰ ਆਵਾਜ਼ ਦਿੰਦੇ
ਲੰਮੀਆਂ ਔੜਾਂ ਵੇਲੇ
ਮਾਵਾਂ, ਪੁੱਤਾਂ ਨੂੰ ਭੁੱਲ ਜਾਂਦੀਆਂ
ਦਾਣਿਆਂ ਦੀ ਭਾਲ ਵਿੱਚ
ਬਹੁਤ ਉਦਾਸ ਹੈ
ਬੁੱਢੇ ਦਰਿਆ ਦਾ ਸੁੰਨਾ ਪੱਤਣ
ਦੂਰ ਦੇਸ ਦੇ ਪੰਛੀ
ਛੁੱਟੀਆਂ ਮਨਾਉਣ ਨਹੀਂ ਆਉਂਦੇ
ਬਚੇ-ਖੁਚੇ ਪਾਣੀਆਂ ਕਿਨਾਰੇ...।

## ਬਲ਼ਦੀ ਪਾਉਣ ਦੇ ਵਰਕੇ 'ਤੇ

ਬੜਾ ਔਖਾ ਹੈ
ਗੰਧ-ਹੀਣ ਫਿਜ਼ਾ 'ਚ ਸਾਹ ਲੈਣਾ
ਗੁਲਾਬੀ ਮੌਸਮਾਂ 'ਚ
ਪੈਲ ਪਾਉਣੀ ਕਿਹੜਾ ਸੌਖੀ ਹੈ
ਬੜਾ ਔਖਾ ਹੈ
ਭੂਤ ਕਾਲ ਨੂੰ ਯਾਦਾਂ 'ਚ ਸਾਂਭ ਕੇ
ਘਰੋਂ ਤੁਰਨਾ
ਭਵਿੱਖ ਨੂੰ ਲਾਕਰਾਂ 'ਚ ਰੱਖ ਕੇ
ਯਾਤਰਾ ਕਰਨੀ ਕਿਹੜਾ ਸੌਖੀ ਹੈ
ਬੜਾ ਔਖਾ ਹੈ
ਦਿਲ ਦੇ ਦਰਦ ਨੂੰ ਦਹਲੀਜ਼ 'ਤੇ
ਬੇਪਰਦ ਕਰਨਾ
ਘੁੰਡ ਕੱਢਕੇ
ਖ਼ੈਰ ਪਾਉਣੀ ਕਿਹੜਾ ਸੌਖੀ ਹੈ
ਬੜਾ ਔਖਾ ਹੈ
ਕਾਲ ਨੂੰ ਪਾਵੇ ਨਾਲ ਬੰਨ੍ਹਣਾ
ਵਕਤ ਦੀ ਵੱਖੀ 'ਚ
ਢੁੱਡ ਮਾਰਨੀ ਕਿਹੜਾ ਸੌਖੀ ਹੈ
ਬੜਾ ਔਖਾ ਹੈ
ਜਿਸਮ ਦੀ ਉਖੜੀ ਤਾਲ ਨੂੰ
ਸੁਰ ਵਿੱਚ ਕਰਨਾ
ਜ਼ਖ਼ਮੀ ਰੂਹ 'ਤੇ
ਮੀਨਾਕਾਰੀ ਕਰਨੀ ਕਿਹੜਾ ਸੌਖੀ ਹੈ
ਬੜਾ ਔਖਾ ਹੈ
ਸੀਤ ਹਉਕਿਆਂ ਦੀ ਹਜ਼ੂਰੀ 'ਚ
ਸਿਜਦਾ ਕਰਨਾ
ਬਲ਼ਦੀ ਪੌਣ ਦੇ ਵਰਕੇ 'ਤੇ
ਕਵਿਤਾ ਲਿਖਣੀ ਕਿਹੜਾ ਸੌਖੀ ਹੈ

## ਰੁਮਾਲ

ਕਿੰਨਾ ਕੁਝ
ਲਪੇਟਿਆ ਜਾ ਸਕਦਾ ਹੈ ਰੁਮਾਲ ਵਿੱਚ
ਧੁੱਪ ਦੀ ਕਾਤਰ
ਨਿੱਤਰਿਆ ਪਾਣੀ
ਪੈੜ ਦਾ ਰੇਤਾ
ਕਿੰਨਾ ਕੁਝ ਉਣਿਆ ਜਾ ਸਕਦਾ ਹੈ ਰੁਮਾਲ 'ਤੇ
ਪੁਰਾਣੇ ਜ਼ਖ਼ਮ
ਅੱਧੋਰਾਣੇ ਹਉਕੇ
ਤਾਜ਼ੇ ਹਾਦਸੇ
ਕਿੰਨਾ ਕੁਝ
ਢਕਿਆ ਜਾ ਸਕਦਾ ਹੈ ਰੁਮਾਲ ਨਾਲ
ਵਫ਼ਾ ਦੀ ਤਵੀਤੜੀ
ਨੈਣਾਂ ਦੇ ਚਿਰਾਗ਼
ਜ਼ਮੀਰ ਦੇ ਦਾਗ਼
ਕਿੰਨਾ ਕੁਝ
ਲੁਕੋਇਆ ਜਾ ਸਕਦਾ ਹੈ ਰੁਮਾਲ ਪਿੱਛੇ
ਉਦਾਸ ਸੁਰਮਾ
ਡਰੀ ਹੋਈ ਮਹਿੰਦੀ
ਖ਼ਾਮੋਸ਼ ਕਲੀਰੇ
ਕਿੰਨਾ ਕੁਝ
ਬੰਨ੍ਹਿਆ ਜਾ ਸਕਦਾ ਹੈ ਰੁਮਾਲ ਗੱਠ
ਯਾਦਾਂ ਦੀਆਂ ਠੀਕਰੀਆਂ
ਨਮੋਸ਼ੀ ਦੇ ਰੋੜ
ਤਸੱਲੀ ਦੀਆਂ ਸਿੱਪੀਆਂ
ਕਿੰਨਾ ਕੁਝ
ਸਮਰਪਿਤ ਕੀਤਾ ਜਾ ਸਕਦਾ ਹੈ ਰੁਮਾਲ ਬਹਾਨੇ
ਦਿਲ ਦੀ ਸਲਤਨਤ
ਰੂਹ ਦੀ ਮਲਕੀਅਤ
ਸਾਹਾਂ ਦੇ ਲਸ਼ਕਰ
ਰੁਮਾਲ!
ਮਹਿਜ ਕੱਪੜਾ ਨਹੀਂ ਗਿੱਠ ਭਰ
ਸਾਡੀ ਹੋਂਦ ਦੇ ਕਿਲੇ 'ਤੇ ਝੂਲਦਾ
'ਸਤਰੰਗਾ ਪਰਚਮ'




**ਲੜੀਵਾਰ...**

**ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼**

## ਸਭੁ ਦੇਸੁ ਪਰਾਇਆ
**(ਸਵੈ-ਜੀਵਨੀ)**

# ਕ੍ਰਿਸ਼ਨਾ ਨਗਰ ਤੋਂ ਕਲਿਆਣੀ...

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਬਸ ਇਸ ਕੇਸ ਵਿੱਚ ਮੇਰੇ ਵਿਰੁੱਧ ਕੋਈ ਬਿਆਨ ਨਾ ਦਿਓ। ਮੈਂ ਬਿਆਨ ਕੀ ਦੇਣਾ ਸੀ ਪਰ ਉਸ ਲੜਕੇ ਦੀ ਮੌਤ ਦਾ ਬੇ-ਹੱਦ ਅਫਸੋਸ ਹੋਇਆ। ਬਾਅਦ ਵਿਚ ਇਸੇ ਕਰਨਲ ਸਾਹਿਬ ਜੋ ਬਰਗੇਡੀਅਰ ਬਣਕੇ ਰਿਟਾਇਰਡ ਹੋਏ ਮੇਰੀ ਇਕ ਪੁਸਤਕ ਦਾ ਮੁਖਬੰਦ ਲਿਖਿਆ ਕਿ ਲੜਾਈ ਵਿਚ ਕਿਵੇਂ ਗਿਆਨੀ ਜੀ ਹਰ ਮੋਰਚੇ ਵਿਚ ਪਹੁਚੰ ਕੇ ਅਰਦਾਸ ਕਰਦੇ ਸਨ।(ਉਸ ਦਾ ਬਾਅਦ ਵਿੱਚ ਜ਼ਿਕਰ ਕਰਾਂਗਾ) ਸੰਨ 1971 ਦਾ ਨਵੰਬਰ ਮਹੀਨਾ ਸੀ ਜਦੋਂ ਅਚਾਨਕ ਸਾਨੂੰ ਕਲਿਆਣੀ ਤੋਂ ਬੋਇਰਾ ਬਾਰਡਰ ਤੇ ਪੁਜੱ ਣ ਦਾ ਹੁਕਮ ਹੋਇਆ। ਇਕ ਘਟਨਾ ਹੋਰ ਯਾਦ ਆਈ ਹੈ, ਇਕ ਸਿਪਾਹੀ ਜਿਸਦਾ ਨਾਮ ਕਰਮ ਸਿੰਘ ਸੀ, ਮੇਰੇ ਕੋਲ ਆਇਆ ਤੇ ਮੈਨੂੰ ਕਹਿਣ ਲੱਗਾ, ''ਬਾਬਾ ਜੀ ਮੈਨੂੰ ਦੱਸ ਕੁ ਦਿਨ ਦੀ ਛੁੱਟੀ ਦਿਵਾ ਦਿਓ ਮੇਰਾ ਵਿਆਹ ਹੈ।" ਮੈਂ ਉਸਨੂੰ ਸਮਝਾਇਆ ਕਿ ਕਮਲਿਆ ਲੜਾਈ ਦੇ ਬੱਦਲ ਗਹਿਰੇ ਹੋਏ ਪਏ ਨੇ। ਆਪਾਂ ਬਾਰਡਰ ਤੇ ਆ ਗਏ ਹਾਂ ਖਬਰੇ ਕੀ ਹਾਲਾਤ ਹੋਣੇ ਨੇ, ਇਸ ਸਮੇਂ ਵਿਆਹ ਬਾਰੇ ਸੋਚਣਾ ਹੀ ਮੂਰਖਤਾਈ ਹੈ। ਮੈਨੂੰ ਤਰਲੇ ਜਿਹੇ ਨਾਲ ਕਹਿਣ ਲੱਗਾ, ਬਾਬਾ ਜੀ। ਮੇਰੀ ਭੈਣ ਦਾ ਵਿਆਹ ਹੋ ਚੁੱਕਾ ਹੈ। ਘਰ ਵਿੱਚ ਮਾਤਾ ਪਿਤਾ ਬਿਰਧ ਹਨ, ਉਨ੍ਹਾਂ ਦੀ ਦੇਖ ਭਾਲ ਲਈ ਕੋਈ ਨਹੀਂ। ਖੈਰ ਉਸਨੂੰ ਦਸ ਕੁ ਦਿਨ ਦੀ ਛੁਟੱ ੀ ਮਿਲ ਗਈ। ਉਹ ਵਿਆਹ ਕਰਵਾਣ ਚਲਾ ਗਿਆ ਤੇ ਦੂਜੇ ਦਿਨ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸੰਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਨਾ ਸੀ। ਪਰ ਬਾਰਸ਼ ਏਨੀ ਸ਼ੁਰੂ ਹੋ ਗਈ ਕਿ ਸਭ ਟੈਂਟਾਂ ਵਿੱਚ ਪਾਣੀ ਭਰ ਗਿਆ। ਉਥੇ ਇਕ ਚਰਚ ਸੀ। ਮੈਂ ਤੇ ਸੂਬੇਦਾਰ ਮੇਜਰ ਅਮਰਜੀਤ ਸਿੰਘ ਸਾਹਿਬ ਚਰਚ ਦੇ ਪਾਦਰੀ ਨੂੰ ਮਿਲੇ ਤੇ ਆਪਣੀ ਮੁਸ਼ਕਲ ਦੱਸੀ। ਉਨ੍ਹਾਂ ਨੇ ਖੁਸ਼ ਹੋ ਕੇ ਤਿੰਨ ਦਿਨ ਲਈ ਸਾਨੂੰ ਚਰਚ ਦੇ ਦਿੱਤਾ। ਜਵਾਨਾਂ ਨੇ ਪੂਰੀ ਸਫ਼ਾਈ ਕਰਕੇ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ ਦਿੱਤੇ। ਤਿੰਨ ਦਿਨ ਗੁਰੂ ਕਾ ਲੰਗਰ ਅਟੁੱਟ ਵਰਤਿਆ। ਇਲਾਕੇ ਦੇ ਲੋਕ ਬਹੁਤ ਹੀ ਪ੍ਰਭਾਵਤ ਹੋਏ। ਪਰ ਸਭ ਤੋਂ ਵੱਧ ਪ੍ਰਭਾਵਤ ਮੈਂ ਹੋਇਆ। ਕੀ ਅਜੇਹੀ ਪ੍ਰਸਥਿਤੀ ਵਿੱਚ ਅਸੀਂ ਕਿਸੇ ਦੂਸਰੇ ਧਰਮ ਵਾਲੇ ਨੂੰ ਆਪਣਾ ਧਰਮ ਅਸਥਾਨ ਵਰਤਣ ਵਾਸਤੇ ਦੇ ਸਕਦੇ ਹਾਂ? ਕਦਾ ਚਿੱਤ ਨਹੀਂ ਸ਼ਾਇਦ ਅਜੇਹੇ ਕਾਰਨਾਂ ਕਰਕੇ ਹੀ ਇਸਾਈ ਧਰਮ ਸਾਰੀ ਦੁਨੀਆਂ ਵਿੱਚ ਫੈਲਿਆ ਹੋਇਆ ਹੈ। ਸੇਵਾ ਭਾਵਨਾ ਵਿਚ ਸਿੱਖ ਧਰਮ ਸਾਰੀ ਦੁਨੀਆਂ ਦੇ ਧਰਮਾਂ ਤੋਂ ਅੱਗੇ ਹੈ। ਧਾਰਮਿਕ ਕੱਟੜਤਾ ਦਾ ਅਸੀਂ ਵੀ ਬਹੁਤ ਸ਼ਿਕਾਰ ਹਾਂ ਪਰ ਇਹ ਗੱਲ ਮੰਨਣ ਲਈ ਤਿਆਰ ਨਹੀਂ। ਖ਼ੈਰ ਸਾਡੇ ਚਲਾਏ ਲੰਗਰ ਨੇ ਧੰਨ ਧੰਨ ਕਰਵਾ ਦਿੱਤੀ। ਕਿਉਂ ਕਿ ਉਸ ਅੱਤ ਗਰੀਬ ਇਲਾਕੇ ਵਿੱਚ ਇਸ ਤਰ੍ਹਾਂ ਦਾ ਸੁਆਦੀ ਖਾਣਾ ਉਨ੍ਹਾਂ ਨੇ ਪਹਿਲੀ ਵਾਰੀ ਖਾਧਾ ਸੀ। ਉਹ ਸਿੱਖਾਂ ਦੀਆਂ ਸਿਫ਼ਤਾਂ ਕਰਦੇ ਨਹੀਂ ਸਨ ਥੱਕਦੇ। ਲੜਾਈ ਦਾ ਧੂੰਆਂ ਹੁਣ ਪ੍ਰਚੰਡ ਅਗਨੀ ਦਾ ਰੂਪ ਧਾਰ ਰਿਹਾ ਸੀ। ਇਕ ਧਾਰਮਿਕ ਟੀਚਰ ਦਾ ਅਹਿਮ ਰੋਲ ਅਸਲ ਵਿਚ ਲੜਾਈ ਦੇ ਸਮੇਂ ਹੀ ਹੁੰਦਾ ਹੈ ਤਾਂ ਕਿ ਉਹ ਆਪਣੇ ਜਵਾਨਾਂ ਦਾ ਮਨੋ ਬੱਲ ਉਚਾ ਰੱਖ ਸਕੇ। ਅਜੇਹੇ ਸਮੇਂ ਬਹਾਦਰ ਸੂਰਮਿਆਂ ਦਾ ਇਤਿਹਾਸ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਕੜਿਆਂ ਕਰਦਾ ਹੈ। ਸਾਡੀ ਲੜਾਈ ਪਾਕਿਸਤਾਨ ਨਾਲ ਸੀ। ਪਾਕਿਸਤਾਨ ਇਕ ਮੁਸਲਿਮ ਦੇਸ਼ ਹੈ। ਇਹ ਵੀ ਸੱਚ ਹੈ ਕਿ ਪੰਦਰਵੀਂ ਸਦੀ ਵਿਚ ਬਾਬੇ ਕੇ ਤੇ ਬਾਬਰ ਕੇ ਇਕੱਠੇ ਹੀ ਹਿੰਦੋਸਤਾਨ ਦੇ ਰੰਗ ਮੰਚ ਤੇ ਆਏ। ਉਦੋਂ ਤੋਂ ਲੈਕੇ 1849 ਈਸਵੀ ਤੱਕ ਸਾਡੀ ਟੱਕਰ ਮੁਗਲ ਹਾਕਮਾਂ ਨਾਲ ਹੀ ਲੱਗਦੀ ਆਈ ਹੈ। ਮੁਗਲ ਇਤਿਹਾਸ ਨੂੰ ਜਾਣੇ ਬਗੈਰ ਅਸੀਂ ਸਿੱਖ ਇਤਿਹਾਸ ਨੂੰ ਜਾਣ ਹੀ ਨਹੀਂ ਸਕਦੇ। ਸਾਡੀਆਂ




ਲੜਾਈਆਂ ਸ਼ਾਂਤਮਈ ਹੋਣ ਭਾਵੇਂ ਹਥਿਆਰ ਬੰਦ ਦੇਸ਼ ਦੇ ਮੁਗਲ ਹਾਕਮਾਂ ਨਾਲ ਹੀ ਹੋਈਆਂ। ਸੋ ਅਜੇਹੇ ਲੜਾਈ ਦੇ ਮਾਹੌਲ ਸਮੇਂ ਉਹ ਇਤਿਹਾਸ ਹੀ ਜਵਾਨਾਂ ਵਿੱਚ ਜੋਸ਼ ਭਰ ਸਕਦਾ ਸੀ ਜੋ ਇਨ੍ਹਾਂ ਨਾਲ ਜੁੜਿਆ ਹੋਵੇ। ਚਾਹੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਚਾਹੇ ਛਵੇ ੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਜੰਗਾਂ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਚਾਰੇ ਸਾਹਿਬਜ਼ਾਦਿਆਂ ਦਾ ਇਤਹਾਸ। ਇਹ ਹੀ ਫੌਜੀ ਜਵਾਨਾਂ ਦਾ ਖ਼ੂਨ ਗਰਮਾਉਂਦਾ ਸੀ। ਸਾਨੂੰ ਹੁਕਮ ਮਿਲਿਆ ਕਿ 21 ਨੰਵਬਰ 1971 ਨੂੰ ਅਸੀਂ ਬੋਇਰਾ ਬਾਰਡਰ ਤੋਂ ਪੂਰਬੀ ਪਾਕਿਸਤਾਨ ਵਿੱਚ ਦਾਖਲ ਹੋਣਾ ਹੈ। ਭਾਰਤੀ ਫੌਜ ਦਾ ਨੌਵਾਂ ਡਵੀਜ਼ਨ ਬਾਰਡਰ ਤੇ ਪੁਜੱ ਚੁੱਕਾ ਸੀ। ਪਹਿਲਾ ਹਾਦਸਾ ਇੱਕ ਛੋਟੇ ਜਿਹੇ ਦਰਿਆ ਨੂੰ ਪਾਰ ਕਰਨ ਵੇਲੇ ਵਾਪਰਿਆ ਜਦੋਂ ਸਾਡੇ ਨੌ (9) ਜਵਾਨ ਕਿਸ਼ਤੀ ਉਲਟ ਜਾਣ ਕਰਕੇ ਡੁੱਬ ਗਏ। ਮੇਰੀ ਪਲਟਨ 14 ਪੰਜਾਬ (ਨਾਭਾ ਅਕਾਲ) ਇੱਕ ਪਿੰਡ ਗਰੀਬ ਪੁਰ ਰਾਤ ਸਮੇਂ ਪੁੱਜੀ। ਉਸੇ ਪਿੰਡ ਹੀ ਪਾਕਿਸਤਾਨ ਦਾ ਪੂਰਾ ਬਰਗੇਡ (ਤਿੰਨ ਪਲਟਨਾਂ) ਤੇ ਸਾਡੀ ਇੱਕੋ ਸ਼ੇਰ ਪਲਟਨ 14 ਪੰਜਾਬ (ਨਾਭਾ ਅਕਾਲ) ਬੜੀ ਹੀ ਗਹਿਗਚ ਲੜਾਈ ਹੋਈ। ਉਸ ਦਿਨ ਦੀ ਦਸ ਘੰਟਿਆਂ ਦੀ ਲੜਾਈ ਵਿਚ ਪਾਕਿਸਤਾਨ ਦੇ 10 ਸ਼ਫੀ ਟੈਂਕ ਬਰਬਾਦ ਹੋ ਗਏ 80 ਕੁ ਜਵਾਨ ਮਾਰੇ ਗਏ ਤੇ 220 ਦੇ ਕਰੀਬ ਜ਼ਖਮੀ ਹੋਏ। ਪੰਦਰਾਂ ਜਵਾਨ ਸਾਡੇ ਵੀ ਲੜਾਈ ਵਿੱਚ ਕੰਮ ਆਏ ਤੇ 30 ਕੁ ਜਵਾਨ ਜ਼ਖਮੀ ਹੋਏ ਸੀ। ਛ ਕੰਪਨੀ ਦੇ ਕੰਪਨੀ ਕਮਾਂਡਰ ਮੇਜਰ ਨਰਿੰਦਰਜੀਤ ਸਿੰਘ ਬੈਂਸ (ਬਾਅਦ ਵਿਚ ਕਰਨਲ) ਬੜੀ ਬਹਾਦਰੀ ਨਾਲ ਆਪਣੇ ਜਵਾਨਾਂ ਨਾਲ ਰਹਿਕੇ ਲੜੇ। ਮਾਰਨ ਤੇ ਰੱਖਣ ਵਾਲੇ ਦੇ ਰੰਗ ਨਿਆਰੇ ਹਨ। ਇਕ ਸਿਪਾਹੀ ਸੀ ਜੋਗਿੰਦਰ ਸਿੰਘ ਉਸਦੇ ਗੋਲੀ ਗਲੇ ਵਿੱਚੋਂ ਆਰ ਪਾਰ ਹੋ ਗਈ। ਪਰ ਉਹ ਬਚ ਗਿਆ ਤੇ ਬਾਅਦ ਵਿਚ ਸੂਬੇਦਾਰੀ ਪੈਨਸ਼ਨ ਆਇਆ।



ਇਕ ਮੋਰਚੇ ਵਿਚ (ਚਾਰਲੀ ਕੰਪਨੀ) ਦੇ ਤਿੰਨ ਜੁਆਨ ਸਨ। ਉਨ੍ਹਾਂ ਵਿੱਚ ਇਕ ਗੁਰਦੁਆਰੇ ਦਾ ਸੇਵਾਦਾਰ ਸਿਪਾਹੀ ਮਲੂਕ ਸਿੰਘ ਵੀ ਸੀ। ਸ਼ੈਲਿੰਗ ਆਈ ਦੋਵੇਂ ਜੁਆਨ ਸ਼ਹੀਦ ਹੋ ਗਏ। ਪਰ ਮਲੂਕ ਸਿੰਘ ਜੋ ਸੈਂਟਰ ਵਿਚ ਸੀ ਉਸਦੇ ਜੰਗਲ ਸ਼ੂਅ ਸੜ ਗਏ ਪਰ ਉਸਨੂੰ ਕੁਝ ਨਹੀਂ ਹੋਇਆ। ਇਹ ਉਹ ਸਿਪਾਹੀ ਮਲੂਕ ਸਿੰਘ ਹੈ, ਜਿਸਨੇ ਜੂਨ 1984 ਵਿਚ ਹਰਿਮੰਦਰ ਸਾਹਿਬ ਤੇ ਹਮਲੇ ਦੀ ਖਬਰ ਸੁਣਕੇ ਪੂਨੇ ਤੋਂ (ਪਲਟਨ 1984 ਵਿਚ ਪੂਨੇ ਸੀ) ਸਮੇਤ ਹਥਿਆਰਾਂ ਦੇ ਪਲਟਲ ਦੇ ਸੈਂਕੜੇ ਜਵਾਨਾਂ ਨਾਲ ਅੰਮ੍ਰਿਤਸਰ ਨੂੰ ਕੂਚ ਕਰਨ ਵਿਚ ਅਗਵਾਈ ਕੀਤੀ ਸੀ। ਪਰ ਇੱਕ ਪੁੱਲ ਟੁੱਟਣ ਕਰਕੇ ਫੜੇ ਗਏ ਸੀ। ਉਸ ਧਰਮੀ ਫੌਜੀ ਨੂੰ ਮੇਰਾ ਸਲੂਟ ਹੈ। ਗਰੀਬ ਪੁਰ ਦੀ 21 ਨਵੰਬਰ ਦੀ ਲੜਾਈ ਵਿੱਚ ਜੋ ਪਾਕਿਸਤਾਨ ਦੇ ਦਸ ਸ਼ਫੀ ਟੈਂਕ ਤਬਾਹ ਹੋਏ। ਉਸਦੇ ਇੱਕ ਟੈਂਕ ਵਿੱਚੋਂ ਤਿੰਨ ਲਾਸ਼ਾਂ ਕੱਢੀਆਂ ਜਿਨ੍ਹਾਂ ਵਿੱਚ ਦੋ ਫੌਜੀ ਸਨ ਤੇ ਇੱਕ ਪੂਰਬੀ ਬੰਗਾਲ (ਬਾਅਦ ਵਿਚ ਬੰਗਲਾ ਦੇਸ਼) ਦੀ ਨੌ-ਜਵਾਨ ਬਦ ਨਸੀਬ ਬੱਚੀ। ਇਸ ਲੜਾਈ ਤੋਂ ਬਾਅਦ ਪਾਕਿਸਤਾਨੀ ਫੌਜ ਪਿਛਾਂਹ ਹੱਟਣ ਲਈ ਮਜ਼ਬੂਰ ਹੋਈ। ਇੱਕ ਦਿਨ ਦੀ ਘਮਸਾਨ ਦੀ ਲੜਾਈ ਤੋਂ ਬਾਅਦ ਚਾਰ ਦਸੰਬਰ ਨੂੰ ਸਾਡਾ ਕਬਜ਼ਾ ''ਚੁਆਗਾਚਾ" ਸ਼ਹਿਰ ਉੱਤੇ ਹੋ ਗਿਆ। ਪਲਟਨਾਂ ਅੱਗੇ ਵੱਧ ਗਈਆਂ ਤੇ 9 ਡਿਵੀਜ਼ਨ ਦਾ ਹੈੱਡ ਕੁਆਰਟਰ ਉੱਥੇ ਆ ਗਿਆ। ਇੱਕ ਸਕੂਲ ਦੀ ਉਪਰਲੀ ਛੱਤ ਉੱਤੇ ਅਸੀਂ ਨਿਸ਼ਾਨ ਸਾਹਿਬ ਬੰਨ੍ਹਕੇ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਲਿਆ। ਸਾਡੇ ਪੰਡਿਤ ਜੀ ਨਾਇਬ ਸੂਬੇਦਾਰ ਜਸਵੰਤ ਕੁਮਾਰ ਜੀ ਛੁੱਟੀ ਤੇ ਚਲੇ ਗਏ ਸਨ ਇਸ ਲਈ ਮੰਦਰ ਦੀ ਦੇਖ ਭਾਲ ਵੀ ਇਕ ਡੋਗਰੇ ਸੇਵਾਦਾਰ ਦੇ ਨਾਲ ਮੈਂ ਹੀ ਕਰਦਾ ਸਾਂ। ਇੱਥੇ ਪਾਕਿਸਤਾਨੀ ਫੌਜ ਦਾ ਬੜਾ ਭਾਰੀ ਡੀਫੈਂਸ ਸੀ। ਬੜੀਆਂ ਡੂੰਘੀਆਂ ਡੂੰਘੀਆਂ ਖਾਈਆਂ ਤੇ ਕੈਂਕਰੀਟ ਦੇ ਮਜ਼ਬੂਤ ਬੈਂਕਰ ਸਨ। ਮੇਰੀ ਅਕਲ ਹੈਰਾਨ ਸੀ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਡੀਫੈਂਸ ਦਾ ਇੰਨਾ ਕੰਮ ਪਾਕਿਸਤਾਨ ਦੀ ਫੌਜ ਕਿਵੇਂ ਕਰਦੀ ਹੋਵੇਗੀ। ਆਖ਼ਰ ਨੂੰ ਇਹ ਰਾਜ਼ ਵੀ ਖੁੱਲ੍ਹ ਗਿਆ। ਇਕ ਬੁੱਢੇ ਬੰਗਾਲੀ ਬਾਬੇ ਨੇ ਟੁੱਟੀ ਫੁੱਟੀ ਹਿੰਦੀ ਵਿਚ ਮੈਨੂੰ ਦੱਸਿਆ ਕਿ ਪਾਕਿਸਤਾਨ ਦੀ ਫੌਜ ਪਿੰਡਾਂ ਵਿੱਚੋਂ ਚੋਣਵੇਂ ਨੌਜਵਾਨ ਗੱਭਰੂ ਪਕੜ ਲਿਆਉਂਦੀ ਸੀ। ਉਨ੍ਹਾਂ ਸਭਨਾ ਨੂੰ ਇਕ ਲਾਈਨ ਵਿੱਚ ਖੜ੍ਹਾ ਕਰਕੇ ਵਿੱਚੋਂ ਪੰਜਾਂ ਦੱਸਾਂ ਨੂੰ ਸ਼ੂਟ ਕਰ ਦਿੱਤਾ ਜਾਂਦਾ। ਬਾਕੀ ਵਿਚਾਰੇ ਇੰਨੇ ਦਹਿਲ ਜਾਂਦੇ ਕਿ ਜੋ ਫੌਜੀ ਹੁਕਮ ਕਰਦੇ ਉਹ ਤਟ ਫਟ ਕਰਨ ਲੱਗ ਪੈਂਦੇ। ਸ਼ਾਮ ਨੂੰ ਬੈਂਕਰ ਖਾਈਆਂ ਪੁੱਟਣ ਤੋਂ ਬਾਅਦ ਰਫਲਾਂ ਦੇ ਬੱਟ ਮਾਰ ਕੇ ਭਜਾ ਦਿੱਤਾ ਜਾਂਦਾ।

ਉਨ੍ਹਾਂ ਕੰਕਰੀਟ ਦੇ ਬੰਕਰਾਂ ਵਿਚੋਂ ਮੈਂ ਆਪਣੀਆਂ ਅੱਖਾਂ ਦੇ ਨਾਲ ਪਾਟੀਆਂ ਹੋਈਆਂ ਸਾੜ੍ਹੀਆਂ, ਟੁੱਟੀਆਂ ਹੋਈਆਂ ਵੰਗਾਂ ਤੇ ਛਾਤੀਆਂ ਨੂੰ ਢੱਕਣ ਵਾਲੀਆਂ ਅੰਗੀਆਂ ਨੂੰ ਵੇਖਿਆ ਜੋ ਚੁੱਪ ਜ਼ੁਬਾਨ ਵਿੱਚ ਰੋ ਰੋ ਆਪਣੀ ਦਾਸਤਾਂ ਸੁਣਾ ਰਹੀਆਂ ਸਨ। ਇਕ ਹੋਰ ਘਟਨਾ ਇੱਕ ਬਜ਼ੁਰਗ ਦੀ ਜ਼ੁਬਾਨੀ ਮੈਂ ਸੁਣੀ। ਉਸਨੇ ਆਪਣੇ ਕੁੱਛੜ ਇੱਕ ਤਿੰਨ ਕੁ ਮਹੀਨੇ ਦਾ ਬੱਚਾ ਚੁੱਕਿਆ ਹੋਇਆ ਸੀ। ਬੱਚੇ ਦੀ ਕੋਮਲ ਦੇਹੀ ਪਿੱਛੋਂ ਰਗੜ ਨਾਲ ਛਿੱਲੀ ਹੋਈ ਸੀ। ਉਹ ਰੋ ਰੋ ਕੇ ਦੱਸ ਰਿਹਾ ਸੀ ਕਿ ਮੇਰੀ ਇੱਕ ਬੇਟੀ ਸੀ, ਜਿਸਦਾ ਵਿਆਹ ਅਜੇ ਮੈਂ ਦੋ ਸਾਲ ਪਹਿਲਾਂ ਕੀਤਾ ਸੀ। ਇਹ ਬੱਚਾ ਉਸਦਾ ਹੈ। ਪਹਿਲਾਂ ਮੇਰਾ ਜੁਆਈ ਪਾਕਿਸਤਾਨੀ ਫੌਜਾਂ ਦੇ ਜ਼ੁਲਮ ਦਾ ਸ਼ਿਕਾਰ ਹੋਇਆ। ਫਿਰ ਇੱਕ ਦਿਨ ਕੁਝ ਫੌਜੀ ਆਏ, ਮੇਰੀ ਬੱਚੀ ਇਸ ਬੱਚੇ ਨੂੰ ਦੁੱਧ ਪਿਆ ਰਹੀ ਸੀ। ਜ਼ਾਲਮਾਂ ਬੱਚਾ ਉਸ ਕੋਲੋਂ ਖੋਹ ਕੇ ਜ਼ਮੀਨ ਤੇ ਮਾਰਿਆ ਤੇ ਉਸ ਵਿਚਾਰੀ ਰੋਂਦੀ ਕੁਰਲਾਉਂਦੀ ਨੂੰ ਧੂਅ ਕੇ ਲੈ ਗਏ। ਅੱਜ ਤੱਕ ਨਾ ਉਹ ਜ਼ਿੰਦਾ ਮਿੱਲੀ ਹੈ ਤੇ ਨਾਹੀ ਉਸਦੀ ਲਾਸ਼। ਮੈਂ ਸੋਚ ਰਿਹਾ ਸਾਂ ਕਿ ਖ਼ਬਰੇ ਜਿਹੜੀ ਗਰੀਬ ਪੁਰ ਟੈਂਕ ਵਿਚੱ ਇੱਕ ਲੜਕੀ ਮਿਲੀ ਸੀ ਜੋ ਅੱਧ ਜਲੀ ਮਰੀ ਪਈ ਸੀ, ਸ਼ਾਇਦ ਇਸੇ ਬਾਪ ਦੀ ਹੀ ਹੋਵੇ। ਪਿਛੇ ਕਿਸੇ ਥਾਂਹ ਤੇ ਮੈਂ ਜ਼ਿਕਰ ਕੀਤਾ ਸੀ, ਸਿਪਾਹੀ ਕਰਮ ਸਿੰਘ ਦਾ ਜੋ ਹੁਸ਼ਿਆਰਪੁਰ ਜ਼ਿਲ੍ਹੇ ਦਾ ਸੀ। ਉਹ ਵਿਆਹ ਕਰਵਾਣ ਵਾਸਤੇ ਛੁੱਟੀ ਲੈ ਕੇ ਗਿਆ ਸੀ। ਪਲਟਨ ਬਾਅਦ ਵਿੱਚ ਉਥੋਂ ਚਲਕੇ ਗਰੀਬਪਰੁ ਆ ਗਈ ਸੀ ਤੇ ਉਸਦੀ ਕਿੱਟ ਬਗਰੈ ਾ ਪਿੱਛੇ ਕਲਕੱਤੇ ਭੇਜ ਦਿੱਤੀ ਗਈ ਸੀ। ਉਹਦਾ 28 ਨਵੰਬਰ ਨੂੰ ਵਿਆਹ ਹੋਇਆ ਤੇ ਉਹ 30 ਨਵੰਬਰ ਨੂੰ ਘਰੋਂ ਤੁਰਿਆ। ਉਹ ਦੋ ਦਸੰਬਰ ਨੂੰ ਕਲਕੱਤੇ ਪੁੱਜਾ ਤੇ ਤਿੰਨ ਸ਼ਾਮ ਨੂੰ ਚੁਆਗਾਚੇ ਆ ਗਿਆ। ਉਸ ਕੋਲ ਵਰਦੀ ਵੀ ਨਹੀਂ ਸੀ। ਇੱਕ ਸਿਪਾਹੀ ਰਾਮਕ੍ਰਿਸ਼ਨ ਦੀ ਵਰਦੀ ਪਾ ਕੇ ਸਵੇਰੇ ਨੌ ਵਜੇ ਸਿਗਨੇਲਰ ਵਜੋਂ ਫਰੰਟ ਤੇ ਪੁੱਜਾ। ਜਾਂਦਾ ਹੀ ਸ਼ੈਲਿੰਗ ਵਿੱਚ ਆ ਗਿਆ ਤੇ ਸ਼ਹੀਦ ਹੋ ਗਿਆ। ਦੋ ਵਜੇ ਉਸ ਦੀ ਮ੍ਰਿਤਕ ਦੇਹ ਪੁਜੱ ੀ। ਕਫਣ ਤੇ ਹੈ ਨਹੀਂ ਸੀ, ਮੈਂ ਆਪਣੀ ਬਿਸਤਰੇ ਦੀ ਚਾਦਰ ਉਤੇ ਪਾ ਕੇ ਸਸਕਾਰ ਕੀਤਾ। ਬਲਦੀ ਚਿਖਾ ਦੇ ਕੋਲ ਕੁਝ ਸਿਪਾਹੀਆਂ ਨਾਲ ਬੜਾ ਹੀ ਉਦਾਸ ਬੈਠਾ ਸਾਂ। ਉਸ ਵੇਲੇ ਜੋ ਵਿਚਾਰ ਆਏ ਉਹ ਮੈਂ ਕਾਗਜ਼ ਦੀ ਹਿੱਕ ਉਤੇ ''ਹੰਝੂ" ਸਿਰਲੇਖ ਨਾਲ ਧਰ ਦਿੱਤੇ। ਉਹ ਅਲਫ਼ਾਜ਼ ਹੇਠਾਂ ਦਰਜ਼ ਕਰਦਾ ਹਾਂ।

**ਚਲਦਾ...**

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਸਪੈਸ਼ਲ ਸੇਲ !

www.dream-carpets.com

dream carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

Laminate Floor
8.3mm thick
25 years warranty
Click Do It Yourself
German technology
.99 cent

Commercial Carpet
Starts From .78 cent

Berber
Starts From .78 cent

Area Rug (5x8)
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00



Perry

SURREY / DELTA
8385 - 120th Street
604-572-8788
Monday to Saturday
9:00-5:30
Sunday Closed



Butch

RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", Msc, MCA ਲਈ ਇੰਡੀਆ ਵਿਚ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿੳਟੳ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037
**talwanid@hotmial.ca**

***************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662, Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

### ਲੜਕੀ ਦੀ ਲੋੜ

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਫ੍ਰ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ। ਸੰਪਰਕ: 604-809-3121

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

GALAXY IDP CONSTRUCTION LTD.

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ।
ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਯਤਨਸ਼ੀਲ ਵਿਅਕਤੀ ਹੀ ਹਾਸਲ ਕਰਦੇ ਹਨ ਕਾਮਯਾਬੀਆਂ



ਜੀਵਨ ਵਿਚ ਕੋਈ ਵੀ ਕੰਮ ਅਸੰਭਵ ਨਹੀਂ ਹੈ। ਕੰਮ ਨੂੰ ਅਸੰਭਵ ਅਤੇ ਸੰਭਵ ਸਾਡਾ ਦਿਲ ਤੇ ਦਿਮਾਗ ਹੀ ਬਣਾਉਂਦੇ ਹਨ। ਸਾਡੀ ਦ੍ਰਿੜ੍ਹ ਇੱਛਾ-ਸ਼ਕਤੀ, ਮਜ਼ਬੂਤ ਇਰਾਦੇ, ਅਣਥੱਕ ਮਿਹਨਤ ਅਤੇ ਜ਼ੋਰਦਾਰ ਉਪਰਾਲੇ ਕਿੰਨੇ ਵੀ ਮੁਸ਼ਕਲ ਟੀਚੇ ਨੂੰ ਹਾਸਲ ਕਰਨ ਵਿਚ ਕਾਮਯਾਬੀ ਦਿਵਾ ਹੀ ਦਿੰਦੇ ਹਨ। ਓਥੇ ਹੀ, ਜੇ ਅਸੀਂ ਮਾਨਸਿਕ ਤੌਰ 'ਤੇ ਖ਼ੁਦ ਨੂੰ ਕਮਜ਼ੋਰ ਕਰ ਦੇਈਏ, ਯਤਨ ਛੱਡ ਦੇਈਏ ਤਾਂ ਸਾਧਾਰਨ ਟੀਚਾ ਵੀ ਹਿਮਾਲਿਆ ਪਰਬਤ ਜਿਹਾ ਵਿਸ਼ਾਲ ਪ੍ਰਤੀਤ ਹੋਣ ਲੱਗਦਾ ਹੈ। ਯਤਨਸ਼ੀਲ ਵਿਅਕਤੀ ਆਪਣੇ ਜੀਵਨ ਦੇ ਉਲਟ ਹਾਲਾਤ ਨੂੰ ਵੀ ਅਨੁਕੂਲਤਾ ਵਿਚ ਬਦਲ ਦਿੰਦਾ ਹੈ। ਉਸ ਦੇ ਅਣਥੱਕ ਯਤਨ ਪਰਬਤ ਨੂੰ ਵੀ ਝੁਕਣ ਲਈ ਮਜਬੂਰ ਕਰ ਦਿੰਦੇ ਹਨ। ਉਸ ਦੇ ਯਤਨਾਂ ਤੋਂ ਭੈਅ ਖਾ ਕੇ ਸਮੁੰਦਰ ਵੀ ਰਸਤਾ ਛੱਡ ਦਿੰਦਾ ਹੈ। ਇਹ ਯਤਨਸ਼ੀਲ ਵਿਅਕਤੀ ਦੀ ਸਮਰੱਥਾ ਹੈ। ਮਨੁੱਖ ਹੀ ਕਿਉਂ, ਇਸ ਜਗਤ ਵਿਚ ਕੋਈ ਵੀ ਪ੍ਰਾਣੀ ਆਪਣੇ ਯਤਨ ਦੀ ਸਮਰੱਥਾ ਨਾਲ ਚਮਤਕਾਰ ਕਰ ਸਕਦਾ ਹੈ। ਸਾਧਾਰਨ ਜਿਹੀ ਸਿਉਂਕ ਆਪਣੇ ਯਤਨਾਂ ਨਾਲ ਮਿੱਟੀ ਦੀ ਅਦਭੁਤ ਸੰਰਚਨਾ ਦਾ ਨਿਰਮਾਣ ਕਰ ਦਿੰਦੀ ਹੈ। ਛੋਟੀ ਜਿਹੀ ਕੀੜੀ ਆਪਣੇ ਯਤਨਾਂ ਨਾਲ ਲੰਬੇ ਸਫ਼ਰ ਮੁਕੰਮਲ ਕਰ ਲੈਂਦੀ ਹੈ। ਬਿਜੜੇ ਦਾ ਆਲ੍ਹਣਾ ਸਾਰਿਆਂ ਨੂੰ ਆਕਰਸ਼ਿਤ ਕਰਦਾ ਹੈ। ਇਹ ਉਸ ਦੇ ਤਿਣਕਾ-ਤਿਣਕਾ ਜੋੜ ਕੇ ਕੀਤੇ ਲੰਬੇ ਯਤਨ ਦਾ ਨਤੀਜਾ ਹੈ। ਯਤਨਸ਼ੀਲ ਵਿਅਕਤੀ ਜੀਵਨ ਵਿਚ ਕਦੇ ਨਿਰਾਸ਼ ਨਹੀਂ ਹੁੰਦੇ। ਉਹ ਅਸਫਲਤਾ ਦੇ ਡਰੋਂ ਹਥਿਆਰ ਨਹੀਂ ਸੁੱਟਦੇ। ਉਨ੍ਹਾਂ ਦਾ ਇਕਮਾਤਰ ਟੀਚਾ ਸਦਾ ਯਤਨ ਕਰਦੇ ਰਹਿਣਾ ਹੁੰਦਾ ਹੈ। ਜਿਸ ਕਾਰਨ ਉਹ ਅਸਫਲਤਾ ਦੇ ਦਾਅ-ਪੇਚਾਂ ਵਿਚਾਲੇ ਵੀ ਕਾਮਯਾਬੀ ਦੇ ਬੀਅ ਬੀਜਣ ਵਿਚ ਸਫਲ ਹੋ ਜਾਂਦੇ ਹਨ। ਜਦ ਵਿਅਕਤੀਆਂ ਦਾ ਸਮੂਹ ਜਾਂ ਸਮਾਜ ਸਮੂਹਿਕ ਯਤਨ ਕਰਦੇ ਹਨ ਤਾਂ ਵੱਡੀ ਤੋਂ ਵੱਡੀ ਮੁਸੀਬਤ ਵੀ ਹਥਿਆਰ ਸੁੱਟ ਦਿੰਦੀ ਹੈ। ਅਸੰਭਵ ਲੱਗਣ ਵਾਲੀ ਚੁਣੌਤੀ ਵੀ ਢਹਿ-ਢੇਰੀ ਹੋ ਜਾਂਦੀ ਹੈ। ਜਿੱਤ ਤਾਂ ਯਤਨ ਕਰਨ ਵਾਲਿਆਂ ਨੂੰ ਹੀ ਹਾਸਲ ਹੁੰਦੀ ਹੈ। ਸਾਨੂੰ ਆਪਣੇ ਜੀਵਨ ਵਿਚ ਆਪਣੇ ਟੀਚਿਆਂ ਪ੍ਰਤੀ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ ਤਾਂ ਜੋ ਅਸੀਂ ਸਹਿਜਤਾ ਨਾਲ ਟੀਚੇ ਹਾਸਲ ਕਰ ਸਕੀਏ। ਮਿਹਨਤ ਦੀ ਸਮਰੱਥਾ ਹੀ ਸਫਲਤਾ ਦਿਵਾਉਂਦੀ ਹੈ। ਚੇਤੇ ਰਹੇ ਕਿ ਆਸਾਨ ਤੋਂ ਆਸਾਨ ਕੰਮ ਵੀ ਸ਼ੁਰੂ ਵਿਚ ਮੁਸ਼ਕਲ ਲੱਗਦਾ ਹੈ। ਜਦ ਇਕ ਵਾਰ ਪਹਿਲ ਕਰ ਦਿੱਤੀ ਜਾਂਦੀ ਹੈ ਤਾਂ ਸਫਲ ਹੋਣ ਦਾ ਸੂਤਰ ਵੀ ਮਿਲ ਜਾਂਦਾ ਹੈ।

—ਲਲਿਤ ਸ਼ੌਰੀਆ

# ਗਿਆਨ ਅਤੇ ਕਰਮ

ਮਨੁੱਖ ਦੇ ਰੂਪ 'ਚ ਮਿਲੇ ਜੀਵਨ ਨੂੰ ਸਾਰਥਕ ਕਰਨਾ ਹੈ ਤਾਂ ਇਹ ਅਧਿਆਤਮਕ ਊਰਜਾ ਨਾਲ ਹੀ ਸੰਭਵ ਹੋ ਸਕਦਾ ਹੈ। ਇਹੀ ਊਰਜਾ ਸਾਡੀ ਕਿਸਮਤ ਨਾਲ ਮੁਲਾਕਾਤ ਦਾ ਪੁਲ਼ ਬਣਦੀ ਹੈ। ਮਨੁੱਖੀ ਜੀਵਨ ਦੀ ਸਾਰਥਕਤਾ 'ਚ ਕਰਮ ਦੀ ਮਹੱਤਵਪੂਰਨ



ਭੂਮਿਕਾ ਹੁੰਦੀ ਹੈ। ਸਾਧਨਾ ਤੇ ਕਰਮ ਦੀ ਸਾਂਝੀ ਸ਼ਕਤੀ ਨਾਲ ਹੀ ਮਨੁੱਖ ਅੰਦਰ ਭਗਤੀ ਤੇ ਅਧਿਆਤਮਕ ਪ੍ਰੇਰਣਾ ਦਾ ਸੰਚਾਰ ਹੁੰਦਾ ਹੈ। ਲੋਕ ਇਹ ਵੀ ਸੋਚ ਸਕਦੇ ਹਨ ਕਿ ਬਿਨਾਂ ਗਿਆਨ-ਕਰਮ ਸਾਧਨਾ ਕੀਤੇ ਹੀ ਕੁਝ ਲੋਕਾਂ 'ਚ ਭਗਤੀ ਕਿਵੇਂ ਜਾਗੀ? ਇਸ ਦਾ ਜਵਾਬ ਇਹੀ ਹੋ ਸਕਦਾ ਹੈ ਕਿ ਇਹ ਉਨ੍ਹਾਂ ਲੋਕਾਂ ਦੇ ਪਹਿਲਾਂ ਕੀਤੇ ਕੰਮਾਂ ਦੀ ਪ੍ਰਤੀਕਿਰਿਆ ਹੈ। ਮਤਲਬ ਕਿ ਜਨਮ ਤੋਂ ਪਹਿਲਾਂ ਉਨ੍ਹਾਂ ਨੇ ਜੋ ਗਿਆਨ ਤੇ ਕਰਮ ਦੀ ਸਾਧਨਾ ਕੀਤੀ ਸੀ, ਉਸ ਦਾ ਫ਼ਲ ਹੈ ਕਿ ਇਸ ਜੀਵਨ ਵਿਚ ਗਿਆਨ ਤੇ ਕਰਮ ਸਾਧਨਾ ਕੀਤੇ ਬਿਨਾਂ ਹੀ ਉਨ੍ਹਾਂ ਨੂੰ ਭਗਤੀ ਮਿਲੀ ਹੈ। ਇਕ ਧਾਰਨਾ ਇਹ ਵੀ ਹੈ ਕਿ ਭਗਤੀ ਨਾਲ ਗਿਆਨ ਤੇ ਕਰਮ ਦਾ ਕੋਈ ਸੰਪਰਕ ਨਹੀਂ ਹੈ, ਪਰ ਇਹ ਸਹੀ ਨਹੀਂ ਹੈ। ਭਗਤੀ ਕਦੀ ਵੀ ਗਿਆਨ ਤੇ ਕਰਮ ਤੋਂ ਬਿਨਾਂ ਨਹੀਂ ਹੋ ਸਕਦੀ। ਭਗਤੀ, ਆਮ ਤੌਰ 'ਤੇ ਗਿਆਨ ਤੇ ਕਰਮ ਦਾ ਮੇਲ ਹੈ। ਇਸ ਲਈ ਭਗਤੀ 'ਚ ਗਿਆਨ ਤੇ ਕਰਮ ਨੂੰ ਮੁੱਖ ਰੱਖਣਾ ਪਵੇਗਾ। ਗਿਆਨ ਤੇ ਕਰਮ ਠੀਕ ਗੰਗਾ-ਯਮੁਨਾ ਵਰਗੇ ਹਨ। ਇਨ੍ਹਾਂ ਦੇ ਮੇਲ ਨਾਲ ਜੀਵਨ ਦੀ ਸਾਰਥਕਤਾ ਸਿੱਧ ਹੁੰਦੀ ਹੈ। ਜਿਸ ਅੰਦਰ ਭਗਤੀ ਜਾਗੀ ਹੈ, ਉਸ ਨੂੰ ਵਾਜਬ ਕੰਮ ਵਿਚ ਲੱਗੇ ਰਹਿਣਾ ਹੀ ਪਵੇਗਾ। ਕੰਮ ਆਪਣੇ ਆਪ ਉਸ ਦੀ ਚੋਣ ਕਰ ਲਵੇਗਾ। ਜੇ ਉਹ ਆਪ ਨਹੀਂ ਸਮਝ ਸਕੇ ਕਿ ਉਸ ਨੇ ਕੀ ਕੰਮ ਕਰਨਾ ਹੈ ਤਾਂ ਉਹ ਕਿਸੇ ਤੋਂ ਸਲਾਹ ਲਵੇਗਾ। ਇਸ ਪੂਰੀ ਪ੍ਰਕਿਰਿਆ 'ਚ ਉਸ ਨੂੰ ਉਸ ਕੰਮ ਦੀ ਪ੍ਰਕਿਰਿਆ 'ਚ ਰੁੱਝੇ ਰਹਿਣਾ ਹੀ ਪਵੇਗਾ। ਕਿਉਂਕਿ ਉਸ ਨੂੰ ਇਸ ਕੰਮ ਦੀ ਪ੍ਰੇਰਣਾ ਅੰਦਰੂਨੀ ਤੌਰ 'ਤੇ ਜਾਂ ਕਿਸਮਤ ਨਾਲ ਮਿਲੀ ਹੈ ਤਾਂ ਉਹ ਉਸ ਵਿਚ ਕਾਮਯਾਬੀ ਵੀ ਹਾਸਲ ਕਰੇਗਾ। ਕਿਸੇ ਵੀ ਕੰਮ ਵਿਚ ਰੁੱਝ ਜਾਣ ਨਾਲ ਸਾਨੂੰ ਇਹ ਅਹਿਸਾਸ ਹੋਣ ਲੱਗਦਾ ਹੈ ਕਿ ਅਸੀਂ ਉਸ ਨੂੰ ਕਰਨ 'ਚ ਸਮਰੱਥ ਹੋ ਸਕਦੇ ਹਾਂ। ਜਦਕਿ ਸ਼ੁਰੂਆਤ 'ਚ ਉਹੀ ਕੰਮ ਮੁਸ਼ਕਲ ਲਗਦਾ ਹੈ। ਇਸ ਲਈ ਜੀਵਨ ਦੇ ਇਸ਼ਾਰਿਆਂ ਨੂੰ ਸਮਝਦੇ ਹੋਏ ਕੰਮ ਕਰਨ 'ਚ ਸੰਕੋਚ ਨਾ ਕਰੋ। ਆਪਣੇ ਕੰਮ 'ਚ ਸਿੱਧ ਹੋਣ ਨਾਲ ਹੀ ਗਿਆਨ ਦੀ ਸਿੱਧੀ ਪ੍ਰਾਪਤ ਹੁੰਦੀ ਹੈ ਤੇ ਅਸੀਂ ਦੂਜਿਆਂ ਦੇ ਮਾਰਗਦਰਸ਼ਕ ਬਣ ਕੇ ਉਨ੍ਹਾਂ ਦਾ ਰਾਹ ਤਿਆਰ ਕਰਨ ਦੇ ਸਮਰੱਥ ਹੋ ਜਾਂਦੇ ਹਾਂ।


NORTHCOAST LUMBER 1

CALL THE TRUE CONTRACTORS YARD TODAY

604-597-8884

*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks




14682 - 66th Ave, Surrey, BC, V3S 1Z9
Fax: 604-597-0854
www.lumber1.ca/contractor



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਸਰਦੀਆਂ 'ਚ ਵੱਧ ਜਾਂਦਾ ਹੈ ਸਾਈਲੈਂਟ ਅਟੈਕ ਦਾ ਖ਼ਤਰਾ



ਸਰਦੀਆਂ ਦਾ ਮੌਸਮ ਸਾਡੀ ਸਿਹਤ 'ਤੇ ਕਈ ਤਰ੍ਹਾਂ ਨਾਲ ਡੂੰਘਾ ਅਸਰ ਪਾਉਂਦਾ ਹੈ। ਇਸ ਮੌਸਮ 'ਚ ਇਮਿਊਨਿਟੀ ਕਮਜ਼ੋਰ ਹੋਣ ਕਾਰਨ ਲੋਕ ਆਸਾਨੀ ਨਾਲ ਕਈ ਮੌਸਮੀ ਬਿਮਾਰੀਆਂ ਤੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਨਾਲ ਹੀ ਇਸ ਮੌ

ਲਾਈਫਸਟਾਈਲ ਡੈਸਕ, ਨਵੀਂ ਦਿੱਲੀ : ਸਰਦੀਆਂ ਦਾ ਮੌਸਮ ਸਾਡੀ ਸਿਹਤ 'ਤੇ ਕਈ ਤਰ੍ਹਾਂ ਨਾਲ ਡੂੰਘਾ ਅਸਰ ਪਾਉਂਦਾ ਹੈ। ਇਸ ਮੌਸਮ 'ਚ ਇਮਿਊਨਿਟੀ ਕਮਜ਼ੋਰ ਹੋਣ ਕਾਰਨ ਲੋਕ ਆਸਾਨੀ ਨਾਲ ਕਈ ਮੌਸਮੀ ਬਿਮਾਰੀਆਂ ਤੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਨਾਲ ਹੀ ਇਸ ਮੌਸਮ ਵਿਚ ਸ਼ੂਗਰ ਅਤੇ ਦਿਲ ਦੇ ਰੋਗੀਆਂ ਨੂੰ ਵੀ ਆਪਣਾ ਖ਼ਾਸ ਖ਼ਿਆਲ ਰੱਖਣਾ ਪੈਂਦਾ ਹੈ। ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਸਰਦੀਆਂ ਵਿਚ ਦਿਲ ਦੇ ਦੌਰੇ ਦੇ ਮਾਮਲੇ ਤੇਜ਼ੀ ਨਾਲ ਵੱਧਦੇ ਹਨ। ਅਜਿਹੇ 'ਚ ਇਸ ਮੌਸਮ 'ਚ ਸਿਹਤਮੰਦ ਰਹਿਣ ਲਈ ਆਪਣੇ ਦਿਲ ਦੀ ਸਹੀ ਦੇਖਭਾਲ ਕਰਨਾ ਜ਼ਰੂਰੀ ਹੈ।

ਦਿਲ ਦਾ ਦੌਰਾ ਗੰਭੀਰ ਸਮੱਸਿਆ ਹੈ, ਜੇ ਸਮੇਂ ਸਿਰ ਇਲਾਜ ਮਿਲ ਜਾਵੇ ਤਾਂ ਪੀੜਤ ਵਿਅਕਤੀ ਨੂੰ ਸਮੇਂ ਸਿਰ ਬਚਾਇਆ ਜਾ ਸਕਦਾ ਹੈ। ਹਾਲਾਂਕਿ ਕਈ ਵਾਰ ਲੋਕ ਹਾਰਟ ਅਟੈਕ ਦੇ ਲੱਛਣਾਂ ਨੂੰ ਨਹੀਂ ਪਛਾਣਦੇ, ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਂਦੇ ਹਨ। ਜਾਣਦੇ ਹਾਂ ਇਸ ਦੇ ਕਾਰਨ ਤੇ ਲੱਛਣ :

### ਕੀ ਹੈ ਸਾਈਲੈਂਟ ਅਟੈਕ ?

ਸਾਈਲੈਂਟ ਹਾਰਟ ਅਟੈਕ ਅਜਿਹਾ ਦਿਲ ਦਾ ਦੌਰਾ ਹੈ, ਜਿਸ ਦੇ ਲੱਛਣ ਬਹੁਤ ਘੱਟ ਹੁੰਦੇ ਹਨ। ਸਾਈਲੈਂਟ ਹਾਰਟ ਅਟੈਕ ਨਾਲ ਛਾਤੀ ਵਿਚ ਦਰਦ ਜਾਂ ਸਾਹ ਦੀ ਤਕਲੀਫ਼ ਨਹੀਂ ਹੁੰਦੀ, ਜੋ ਆਮ ਤੌਰ 'ਤੇ ਦਿਲ ਦੇ ਦੌਰੇ ਨਾਲ ਜੁੜੇ ਹੁੰਦੇ ਹਨ। ਹਾਲਾਂਕਿ ਤੁਸੀਂ ਇਨ੍ਹਾਂ ਲੱਛਣਾਂ ਨਾਲ ਇਸ ਸਾਈਲੈਂਟ ਹਾਰਟ ਅਟੈਕ ਦੀ ਪਛਾਣ ਕਰ ਸਕਦੇ ਹੋ।

### ਸਾਈਲੈਂਟ ਹਾਰਟ ਅਟੈਕ ਦੇ ਲੱਛਣ

- ਬਦਹਜ਼ਮੀ
- ਚੱਕਰ ਆਉਣੇ
- ਨੀਂਦ ਨਾ ਆਉਣਾ
- ਪਸੀਨਾ ਆਉਣਾ
- ਜੀਅ ਮਚਲਾਉਣਾ
- ਸਾਹ ਲੈਣ ਵਿਚ ਮੁਸ਼ਕਲ
- ਲੰਮੇ ਸਮੇਂ ਤੱਕ ਥਕਾਵਟ
- ਪਿੱਠ ਜਾਂ ਛਾਤੀ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ

### ਸਾਈਲੈਂਟ ਹਾਰਟ ਅਟੈਕ ਦੇ ਕਾਰਨ

**ਮੋਟਾਪਾ**—ਜ਼ਿਆਦਾ ਭਾਰ ਦਿਲ 'ਤੇ ਬੇਲੋੜਾ ਤਣਾਅ ਦਾ ਕਾਰਨ ਬਣ ਸਕਦਾ ਹੈ। ਇਸ ਦੀ ਵਜ੍ਹਾ ਨਾਲ ਸਾਈਲੈਂਟ ਹਾਰਟ ਅਟੈਕ ਸਮੇਤ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਇੰਨਾ ਹੀ ਨਹੀਂ, ਮੋਟਾਪਾ ਹਾਈ ਬਲੱਡ ਪ੍ਰੈਸ਼ਰ ਅਤੇ ਹਾਈ ਕੋਲੈਸਟ੍ਰੋਲ ਦਾ ਕਾਰਨ ਵੀ ਬਣ ਸਕਦਾ ਹੈ, ਜਿਸ ਨਾਲ ਦਿਲ ਨਾਲ ਜੁੜੀਆਂ ਸਮੱਸਿਆਵਾਂ ਦਾ ਖ਼ਤਰਾ ਵਧ ਸਕਦਾ ਹੈ।

**ਹਾਈ ਬਲੱਡ ਪ੍ਰੈਸ਼ਰ**—ਹਾਈ ਬਲੱਡ ਪ੍ਰੈਸ਼ਰ ਵੀ ਸਾਈਲੈਂਟ ਅਟੈਕ ਦਾ ਕਾਰਨ ਬਣ ਸਕਦਾ ਹੈ। ਦਰਅਸਲ ਹਾਈ ਬੀਪੀ ਦਿਲ, ਧਮਨੀਆਂ ਅਤੇ ਹੋਰ ਮਹੱਤਵਪੂਰਨ ਅੰਗਾਂ 'ਤੇ ਦਬਾਅ ਪਾਉਂਦਾ ਹੈ ਤੇ ਸਾਈਲੈਂਟ ਹਾਰਟ ਅਟੈਕ ਦੀ ਸੰਭਾਵਨਾ ਨੂੰ ਵਧਾਉਂਦਾ ਹੈ।

**ਹਾਈ ਕੋਲੈਸਟ੍ਰੋਲ**—ਕੋਲੈਸਟ੍ਰੋਲ ਦਾ ਪੱਧਰ ਵਧਣਾ ਵੀ ਸਾਈਲੈਂਟ ਹਾਰਟ ਅਟੈਕ ਦਾ ਕਾਰਨ ਬਣ ਸਕਦਾ ਹੈ। ਸਰੀਰ ਵਿਚ ਕੋਲੈਸਟ੍ਰੋਲ ਦੇ ਵਧੇ ਹੋਏ ਪੱਧਰ ਖਾਸ ਤੌਰ 'ਤੇ ਘੱਟ ਘਣਤਾ ਵਾਲੀ ਲਿਪੋਪ੍ਰੋਟੀਨ (*4*) ਜਾਂ 'ਬੁਰਾ' ਕੋਲੈਸਟ੍ਰੋਲ, ਧਮਨੀਆਂ ਦੇ ਅੰਦਰ ਪਲੇਕ ਦੇ ਗਠਨ ਵਿੱਚ ਯੋਗਦਾਨ ਪਾਉਂਦੇ ਹਨ, ਜੋ ਖ਼ੂਨ ਦੇ ਪ੍ਰਵਾਹ ਨੂੰ ਰੋਕਦਾ ਹੈ ਅਤੇ ਸਾਈਲੈਂਟ ਹਾਰਟ ਅਟੈਕ ਦੇ ਜੋਖ਼ਮ ਨੂੰ ਵਧਾਉਂਦਾ ਹੈ।

**ਉਮਰ**—ਸਾਈਲੈਂਟ ਹਾਰਟ ਅਟੈਕ ਦਾ ਵੱਡਾ ਕਾਰਨ ਉਮਰ ਵੀ ਹੈ। ਉਮਰ ਦੇ ਨਾਲ ਦਿਲ ਨਾਲ ਸਬੰਧਤ ਪੇਚੀਦਗੀਆਂ ਦਾ ਖ਼ਤਰਾ ਵੱਧ ਜਾਂਦਾ ਹੈ, ਜਿਸ ਨਾਲ ਸਾਈਲੈਂਟ ਅਟੈਕ ਦੀ ਸੰਭਾਵਨਾ ਕਾਫ਼ੀ ਵੱਧ ਜਾਂਦੀ ਹੈ।

**ਸਿਗਰਟਨੋਸ਼ੀ**—ਅੱਜ-ਕੱਲ੍ਹ ਬਹੁਤ ਸਾਰੇ ਲੋਕ ਸਿਗਰਟ ਪੀਣ ਦੇ ਆਦੀ ਹੋ ਗਏ ਹਨ। ਤੁਹਾਡੀ ਇਹ ਆਦਤ ਤੁਹਾਡੀ ਸਿਹਤ ਲਈ ਕਾਫ਼ੀ ਘਾਤਕ ਸਾਬਿਤ ਹੋ ਸਕਦੀ ਹੈ। ਅਸਲ ਵਿਚ ਤੰਬਾਕੂ ਦੇ ਧੂੰਏਂ ਵਿਚ ਮੌਜੂਦ ਜ਼ਹਿਰੀਲੇ ਪਦਾਰਥ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਪਲਾਕ ਬਣਨ ਦੀ ਸੰਭਾਵਨਾ ਨੂੰ ਵਧਾਉਂਦੇ ਹਨ ਅਤੇ ਅਜਿਹੀਆਂ ਸਥਿਤੀਆਂ ਨੂੰ ਵਧਾਉਂਦੇ ਹਨ ਜੋ ਸਾਈਲੈਂਟ ਹਾਰਟ ਅਟੈਕ ਦਾ ਕਾਰਨ ਬਣ ਸਕਦੇ ਹਨ।






# ਕਈ ਬਿਮਾਰੀਆਂ ਦਾ ਰਾਮਬਾਣ ਇਲਾਜ ਹੈ ਕਾਲੀ ਗਾਜਰ

ਜੇ ਤੁਹਾਨੂੰ ਕੁਝ ਮਿੱਠਾ ਖਾਣ ਦਾ ਮਨ ਹੋਵੇ ਤਾਂ ਅਜਿਹੇ 'ਚ ਗਾਜਰ ਦਾ ਹਲਵਾ ਮਿਲ ਜਾਵੇ ਤਾਂ ਸਰਦੀਆਂ ਦਾ ਮਜ਼ਾ ਦੁੱਗਣਾ ਹੋ ਜਾਂਦਾ ਹੈ। ਇਸ ਮੌਸਮ 'ਚ ਸਰੀਰ ਨੂੰ ਸਿਹਤਮੰਦ ਰੱਖਣ ਲਈ ਖ਼ੁਰਾਕ 'ਚ ਗਾਜਰ ਨੂੰ ਸ਼ਾਮਿਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਈ ਲੋਕ ਗਾਜਰ ਦੀ ਵਰਤੋਂ ਸਬਜ਼ੀ ਜਾਂ ਸਲਾਦ ਵਿਚ ਵੀ ਕਰਦੇ ਹਨ। ਇਹ ਸਿਹਤ ਲਈ ਬਹੁਤ ਫ਼ਾਇਦੇਮੰਦ ਮੰਨਿਆ ਜਾਂਦਾ ਹੈ। ਆਮ ਤੌਰ 'ਤੇ ਲੋਕ ਲਾਲ ਗਾਜਰ ਹੀ ਖਾਂਦੇ ਹਨ ਪਰ ਕੀ ਤੁਸੀਂ ਕਦੇ ਕਾਲੀ ਗਾਜਰ ਖਾਧੀ ਹੈ ? ਜੀ ਹਾਂ, ਕਿਹਾ ਜਾਂਦਾ ਹੈ ਕਿ ਇਹ ਲਾਲ ਨਾਲੋਂ ਜ਼ਿਆਦਾ ਫ਼ਾਇਦੇਮੰਦ ਹੈ। ਇਸ ਵਿਚ ਐਂਟੀਆਕਸੀਡੈਂਟਸ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਇਹ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਨੂੰ ਰੋਕਣ ਵਿਚ ਵੀ ਮਦਦਗਾਰ ਹੈ। ਜਾਣਦੇ ਹਾਂ ਕਾਲੀ ਗਾਜਰ ਖਾਣ ਦੇ ਫਾਇਦੇ।



### ਅੱਖਾਂ ਲਈ ਫਾਇਦੇਮੰਦ

ਅੱਜ-ਕੱਲ੍ਹ ਘੱਟ ਉਮਰ ਵਿਚ ਹੀ ਲੋਕਾਂ ਦੀਆਂ ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ। ਅਜਿਹੇ 'ਚ ਤੁਹਾਨੂੰ ਆਪਣੀ ਖ਼ੁਰਾਕ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਕਾਲੀ ਗਾਜਰ ਖਾਣ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਇਸ 'ਚ ਐਂਥੋਸਾਈਨਿਨ ਕੰਪਾਊਂਡ ਹੁੰਦਾ ਹੈ ਜੋ ਅੱਖਾਂ ਦੀਆਂ ਕਈ ਬਿਮਾਰੀਆਂ ਤੋਂ ਛੁਟਕਾਰਾ ਦਿਵਾਉਣ 'ਚ ਮਦਦ ਕਰਦਾ ਹੈ।

### ਭਾਰ ਘਟਾਉਣ ਵਿਚ ਮਦਦਗਾਰ

ਜੀ ਹਾਂ, ਕਾਲੀ ਗਾਜਰ ਖਾਣ ਨਾਲ ਭਾਰ ਘਟਾਉਣ ਵਿਚ ਮਦਦ ਮਿਲਦੀ ਹੈ। ਇਹ ਕਈ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੀ ਹੈ। ਇਸ ਵਿਚ ਕੈਲੋਰੀ ਸਮੱਗਰੀ ਵੀ ਘੱਟ ਹੁੰਦੀ ਹੈ। ਤੁਸੀਂ ਇਸ ਨੂੰ ਸਲਾਦ ਵਜੋਂ ਵੀ ਵਰਤ ਸਕਦੇ ਹੋ।

# ਦਰਸ਼ਕਾਂ ਦੇ ਹੁੰਗਾਰੇ ਤੋਂ ਖ਼ੁਸ਼ ਪ੍ਰਾਂਜਲੀ



ਕਾਲਾ ਦੀ ਭੂਮਿਕਾ ਨਿਭਾਉਣ ਵਾਲੀ ਅਭਿਨੇਤਰੀ ਪ੍ਰਾਂਜਲੀ ਸਿੰਘ ਪਰਿਹਾਰ ਦਾ ਕਹਿਣਾ ਹੈ ਕਿ ਉਸ ਨੂੰ ਇਸ ਭੂਮਿਕਾ ਲਈ ਮਿਲ ਰਿਹੇ ਹੁੰਗਾਰੇ ਤੋਂ ਬਹੁਤ ਉਤਸ਼ਾਹ ਮਿਲਿਆ ਹੈ। ਉਹ ਕਹਿੰਦੀ ਹੈ, "ਮੈਂ ਹੁੰਗਾਰੇ ਤੋਂ ਬਹੁਤ ਪ੍ਰਭਾਵਿਤ ਹਾਂ, ਸਾਡੇ ਕਲਾਕਾਰਾਂ ਦੁਆਰਾ ਹਰੇਕ ਕਿਰਦਾਰ ਨੂੰ ਚੰਗੀ ਤਰ੍ਹਾਂ ਸਮਝਿਆ ਗਿਆ ਅਤੇ ਸੁੰਦਰਤਾ ਨਾਲ ਪੇਸ਼ ਕੀਤਾ ਗਿਆ ਹੈ। ਕਈ ਵਾਰ ਮੈਂ ਲੋਕਾਂ ਜਾਂ ਸਥਿਤੀਆਂ 'ਤੇ ਉਸੇ ਤਰ੍ਹਾਂ ਪ੍ਰਤੀਕਿਰਿਆ ਕਰਦੀ ਹਾਂ ਜਿਵੇਂ ਮੇਰਾ ਕਿਰਦਾਰ ਕਰਦਾ ਹੈ ਅਤੇ ਫਿਰ ਮੈਨੂੰ ਆਪਣੇ ਆਪ ਨੂੰ ਯਾਦ ਕਰਾਉਣਾ ਪੈਂਦਾ ਹੈ ਕਿ ਪ੍ਰਾਂਜਲੀ ਅਤੇ ਕਾਲਾ ਵੱਖਰੇ ਕਿਰਦਾਰ ਹਨ।" ਉਹ ਅੱਗੇ ਕਹਿੰਦੀ ਹੈ, "ਕੰਟੈਂਟ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਲੋਕ ਹਰ ਵਾਰ ਕੁਝ ਨਵਾਂ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਮੇਰਾ ਕਿਰਦਾਰ ਵਿਕਸਿਤ ਹੋ ਰਿਹਾ ਹੈ ਅਤੇ ਮਜ਼ਬੂਤ ਹੋ ਰਿਹਾ ਹੈ।" ਡ੍ਰੀਮੀਆਟਾ ਐਂਟਰਟੇਨਮੈਂਟ ਅਤੇ ਨਿਰਮਾਤਾ ਰਵੀ ਦੂਬੇ ਅਤੇ ਸਰਗੁਣ ਮਹਿਤਾ ਨਾਲ ਕੰਮ ਕਰਨ ਬਾਰੇ ਗੱਲ ਕਰਦੇ ਹੋਏ ਉਸ ਨੇ ਕਿਹਾ, "ਇਹ ਇੱਕ ਪਰਿਵਾਰ ਨਾਲ ਕੰਮ ਕਰਨ ਵਰਗਾ ਮਹਿਸੂਸ ਹੁੰਦਾ ਹੈ। ਉਨ੍ਹਾਂ ਨੇ ਘਰ ਵਰਗਾ ਮਾਹੌਲ ਬਣਾਇਆ ਹੈ ਅਤੇ ਟੀਮ ਦੀ ਕੁਸ਼ਲਤਾ ਸ਼ਲਾਘਾਯੋਗ ਹੈ। ਸ਼ੂਟਿੰਗ ਦੌਰਾਨ ਮੈਂ ਹਰ ਰੋਜ਼ ਬਹੁਤ ਸਾਰੀਆਂ ਚੀਜ਼ਾਂ ਸਿੱਖਦੀ ਹਾਂ। ਮੈਨੂੰ ਆਪਣੇ ਕਿਰਦਾਰ ਵਿੱਚ ਵੱਖ-ਵੱਖ ਰੰਗ ਭਰਨ ਦਾ ਮੌਕਾ ਮਿਲਦਾ ਹੈ। ਕਾਲਾ ਦੀ ਭੂਮਿਕਾ ਲਈ ਮੇਰੀ ਚੋਣ ਕਰਨ ਲਈ ਮੈਂ ਟੀਮ ਦੀ ਬਹੁਤ ਧੰਨਵਾਦੀ ਹਾਂ।" ਇਸ ਬਾਰੇ ਗੱਲ ਕਰਦੇ ਹੋਏ ਕਿ ਚੰਗਾ ਪ੍ਰਦਰਸ਼ਨ ਕਰਨ ਲਈ ਕੀ ਕਰਨਾ ਪੈਂਦਾ ਹੈ, ਉਹ ਕਹਿੰਦੀ ਹੈ, "ਮੈਨੂੰ ਲੱਗਦਾ ਹੈ ਕਿ ਟੀਮ, ਕਹਾਣੀ ਅਤੇ ਨਿਰਦੇਸ਼ਕ ਨਾਲ ਤਾਲਮੇਲ ਰੱਖਣਾ ਬਹੁਤ ਮਹੱਤਵਪੂਰਨ ਹੈ। ਮੈਨੂੰ ਅਮਿਤ, ਸਤੀਸ਼ ਅਤੇ ਸੰਜੇ ਜੀ (ਸਾਡੇ ਨਿਰਦੇਸ਼ਕ) ਨਾਲ ਕੰਮ ਕਰਨਾ ਪਸੰਦ ਹੈ। ਉਹ ਮੇਰੇ ਵਿੱਚੋਂ ਸਭ ਤੋਂ ਵਧੀਆ ਪ੍ਰਾਪਤ ਕਰਦੇ ਹਨ। ਮੇਰੇ ਸਹਿ-ਅਦਾਕਾਰ ਮੈਨੂੰ ਸਭ ਤੋਂ ਵੱਧ ਪ੍ਰੇਰਿਤ ਕਰਦੇ ਹਨ, ਮੈਂ ਜਿੰਨਾ ਸੰਭਵ ਹੋ ਸਕੇ ਸੈੱਟ 'ਤੇ ਹੋਣ ਦੀ ਕੋਸ਼ਿਸ਼ ਕਰਦੀ ਹਾਂ ਕਿਉਂਕਿ ਉਨ੍ਹਾਂ ਦਾ ਪ੍ਰਦਰਸ਼ਨ ਦੇਖਣ ਨਾਲ ਮੈਨੂੰ ਬਹੁਤ ਸਾਰੀਆਂ ਚੀਜ਼ਾਂ ਸਿੱਖਣ ਵਿੱਚ ਮਦਦ ਮਿਲਦੀ ਹੈ।"

# ਹੀਰੋ ਤਾਂ ਆਉਂਦੇ-ਜਾਂਦੇ ਰਹਿੰਦੇ ਨੇ-ਸ਼ਾਹਰੁਖ



ਮੁੰਬਈ-ਅਦਾਕਾਰ ਸ਼ਾਹਰੁਖ਼ ਖ਼ਾਨ ਰਾਜਕੁਮਾਰ ਹਿਰਾਨੀ ਦੇ ਨਿਰਦੇਸ਼ਨ ਹੇਠ ਬਣੀ ਕਾਮੇਡੀ ਡਰਾਮਾ ਫਿਲਮ 'ਡੰਕੀ' ਦੀ ਰਿਲੀਜ਼ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਇਹ ਫਿਲਮ ਗ਼ੈਰਕਾਨੂੰਨੀ ਢੰਗ ਨਾਲ ਪਰਵਾਸ ਕਰਨ ਦੀ ਕਹਾਣੀ 'ਤੇ ਆਧਾਰਿਤ ਹੈ ਜਿਸ ਵਿੱਚ ਤਾਪਸੀ ਪੰਨੂ, ਵਿੱਕੀ ਕੌਸ਼ਲ ਅਤੇ ਬੋਮਨ ਇਰਾਨੀ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਹਾਲ ਹੀ ਵਿੱਚ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉੱਤੇ 'ਆਸਕ ਐੱਸਆਰਕੇ' ਸੈਸ਼ਨ ਦੌਰਾਨ ਇੱਕ ਪ੍ਰਸ਼ੰਸਕ ਨੇ ਕਿਹਾ, "ਮੁਆਫ਼ ਕਰਨਾ ਸਰ, ਪਰ ਮੈਂ ਫਿਲਮ 'ਡੰਕੀ' ਲਈ ਤੁਹਾਡੇ ਨਹੀਂ ਸਗੋਂ ਰਾਜਕੁਮਾਰ ਹਿਰਾਨੀ ਸਰ ਕਰ ਕੇ ਬੇਤਾਬ ਹਾਂ।" ਇਸ ਦੇ ਜਵਾਬ ਵਿੱਚ ਸ਼ਾਹਰੁਖ ਨੇ ਕਿਹਾ, "...ਤੇ ਇਹ ਇੱਕ ਸਹੀ ਕਾਰਨ ਹੈ। ਮੈਂ ਵੀ ਰਾਜੂ ਦੀ ਫਿਲਮ ਦਾ ਹਿੱਸਾ ਬਣ ਕੇ ਬਹੁਤ ਖ਼ੁਸ਼ ਹਾਂ। ਫਿਲਮਾਂ ਦਾ ਧੁਰਾ ਨਿਰਦੇਸ਼ਕ ਹੁੰਦਾ ਹੈ...ਹੀਰੋ ਤਾਂ ਆਉਂਦੇ-ਜਾਂਦੇ ਰਹਿੰਦੇ ਹਨ।" ਇੱਕ ਹੋਰ ਪ੍ਰਸ਼ੰਸਕ ਨੇ ਪੁੱਛਿਆ, "ਸਰ, ਕਿਉਂਕਿ ਫਿਲਮ ਪੰਜਾਬ ਦੀ ਪਿੱਠਭੂਮੀ 'ਤੇ ਆਧਾਰਿਤ ਹੈ, ਤੁਹਾਡਾ ਸਭ ਤੋਂ ਪਸੰਦੀਦਾ ਪੰਜਾਬੀ ਖਾਣਾ ਕਿਹੜਾ ਹੈ?" ਸ਼ਾਹਰੁਖ ਨੇ ਕਿਹਾ, "ਮੈਂ ਪਰੌਂਠੇ ਖਾਂਦਾ ਹਾਂ...ਕਈ ਸਾਰੇ...ਅਤੇ ਛੋਲੇ ਭਟੂਰੇ ਵੀ ਮੈਨੂੰ ਬਹੁਤ ਪਸੰਦ ਹਨ।"

# ਸੁਹਾਸੀ ਧਾਮੀ ਬਣੀ ਛਾਇਆ



ਸ਼ੇਮਾਰੂ ਟੀਵੀ ਦੇ ਨਵੇਂ ਸ਼ੋਅ 'ਕਰਮਾਧਿਕਾਰੀ ਸ਼ਨੀਦੇਵ' ਦੇ ਨਾਲ ਮਿਥਿਹਾਸ ਦੀ ਜਾਦੂਈ ਯਾਤਰਾ ਲਈ ਤਿਆਰ ਹੋ ਜਾਓ। ਸ਼ਨੀ ਦੇਵ ਨੂੰ ਅਕਸਰ ਆਪਣੇ ਗੁੱਸੇ ਲਈ ਜਾਣਿਆ ਜਾਂਦਾ ਹੈ, ਪਰ ਇਹ ਸ਼ੋਅ ਨਾ ਸਿਰਫ਼ ਨਿਆਂ ਦੇ ਦੇਵਤਾ ਸ਼ਨੀ ਦੇਵ ਦੀਆਂ ਮਿਥਿਹਾਸਕ ਕਹਾਣੀਆਂ ਨੂੰ ਦਰਸਾਉਂਦਾ ਹੈ, ਸਗੋਂ ਉਸ ਦੀ ਮਾਂ ਛਾਇਆ ਨਾਲ ਉਸ ਦੇ ਪਿਆਰ ਭਰੇ ਰਿਸ਼ਤੇ ਨੂੰ ਵੀ ਦਰਸਾਉਂਦਾ ਹੈ। ਪ੍ਰਤਿਭਾਸ਼ਾਲੀ ਸੁਹਾਸੀ ਧਾਮੀ ਨੂੰ ਇਸ ਸ਼ੋਅ ਵਿੱਚ ਛਾਇਆ ਅਤੇ ਸੰਘਿਆ ਦੀਆਂ ਭੂਮਿਕਾਵਾਂ ਨਿਭਾਉਣ ਲਈ ਸ਼ਾਮਲ ਕੀਤਾ ਗਿਆ ਹੈ। ਸ਼ੋਅ ਨੂੰ ਲੈ ਕੇ ਆਪਣੀ ਉਤਸੁਕਤਾ ਜ਼ਾਹਰ ਕਰਦੇ ਹੋਏ ਸੁਹਾਸੀ ਨੇ ਕਿਹਾ, 'ਪੰਜ ਸਾਲਾਂ ਬਾਅਦ ਪਰਦੇ 'ਤੇ ਵਾਪਸੀ ਕਰਦੇ ਹੋਏ, ਮੈਂ ਇੱਕ ਵਾਰ ਫਿਰ ਤੋਂ ਮਿਥਿਹਾਸ ਨੂੰ ਸਮਝਣ ਲਈ ਬਹੁਤ ਉਤਸ਼ਾਹਿਤ ਹਾਂ। 'ਸ਼ਨੀਦੇਵ' ਵਿੱਚ ਛਾਇਆ ਅਤੇ ਸੰਘਿਆ ਦੀਆਂ ਭੂਮਿਕਾਵਾਂ ਨਿਭਾਉਣਾ ਮੇਰੇ ਲਈ ਹੁਣ ਤੱਕ ਦਾ ਸਭ ਤੋਂ ਵਧੀਆ ਅਨੁਭਵ ਹੈ। ਇਹ ਸਭ ਤੋਂ ਖ਼ੂਬਸੂਰਤ ਯਾਤਰਾ ਹੋਵੇਗੀ, ਸਾਡੇ ਕੋਲ ਇੱਕ ਸਹਿਯੋਗੀ ਟੀਮ ਦੇ ਨਾਲ ਬਹੁਤ ਹੀ ਪ੍ਰਤਿਭਾਸ਼ਾਲੀ ਕਲਾਕਾਰ ਹਨ ਅਤੇ ਉਨ੍ਹਾਂ ਸਾਰਿਆਂ ਨਾਲ ਕੰਮ ਕਰਨਾ ਮਜ਼ੇਦਾਰ ਹੈ। ਇਸ ਸ਼ੋਅ ਨਾਲ ਜੁੜਨ ਦਾ ਮੁੱਖ ਕਾਰਨ ਨਿਖਿਲ ਸਿਨਹਾ ਨਾਲ ਦੁਬਾਰਾ ਕੰਮ ਕਰਨ ਦਾ ਮੌਕਾ ਮਿਲਣਾ ਹੈ। ਮਿਥਿਹਾਸਕ ਸ਼ੋਅ ਹਮੇਸ਼ਾਂ ਇੱਕ ਵਿਲੱਖਣ ਆਨੰਦ ਲਿਆਉਂਦਾ ਹੈ ਅਤੇ ਸਾਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਉਨ੍ਹਾਂ ਵਿੱਚੋਂ ਇੱਕ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਹੈ, ਕਿਉਂਕਿ ਇਸ ਦੇ ਸੰਵਾਦ ਅਕਸਰ ਸੰਸਕ੍ਰਿਤ ਵਿੱਚ ਹਨ, ਇਸ ਲਈ ਰਿਹਰਸਲ ਦੇ ਦੌਰਾਨ, ਸਾਨੂੰ ਆਪਣੀਆਂ ਲਾਈਨਾਂ ਦਾ ਧਿਆਨ ਨਾਲ ਅਭਿਆਸ ਕਰਨਾ ਪੈਂਦਾ ਹੈ, ਸਾਨੂੰ ਵਧੇਰੇ ਚੇਤੰਨ ਹੋਣਾ ਪੈਂਦਾ ਹੈ। ਉਮੀਦ ਹੈ ਕਿ ਸਰੋਤੇ ਸਾਡੀ ਇਸ ਕੋਸ਼ਿਸ਼ ਦੀ ਸ਼ਲਾਘਾ ਕਰਨਗੇ ਅਤੇ ਸਾਨੂੰ ਪਿਆਰ ਕਰਨਗੇ ਕਿਉਂਕਿ ਅਸੀਂ ਇਸ ਦਿਲਚਸਪ ਕਹਾਣੀ ਨੂੰ ਜ਼ਿੰਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।"






# ਬੌਬੀ ਦਿਓਲ ਦਾ ਗੀਤ 'ਜਮਾਲ ਕੁੱਡੂ' ਸੋਸ਼ਲ ਮੀਡੀਆ 'ਤੇ ਵਾਇਰਲ

ਮੁੰਬਈ: ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਐਨੀਮਲ' ਦੇ ਅਦਾਕਾਰ ਬੌਬੀ ਦਿਓਲ ਦਾ ਐਂਟਰੀ ਗੀਤ 'ਜਮਾਲ ਕੁੱਡੂ' ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ ਤੇ ਪ੍ਰਸ਼ੰਸਕ ਇਸ ਗੀਤ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ। 'ਐਨੀਮਲ' ਦੇ ਨਿਰਮਾਤਾਵਾਂ ਨੇ ਅੱਜ ਪੂਰਾ ਟਰੈਕ ਰਿਲੀਜ਼



ਕੀਤਾ। ਪ੍ਰੋਡੈਕਸ਼ਨ ਹਾਊਸ ਟੀ-ਸੀਰੀਜ਼ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵੀ ਸਾਂਝੀ ਕੀਤੀ ਹੈ, ਜਿਸ ਦੇ ਕੈਪਸ਼ਨ ਵਿੱਚ ਲਿਖਿਆ ਹੈ, "ਜ਼ਸਨ ਸ਼ੁਰੂ ਹੋਣ ਦਿਓ। ਅਬਰਾਰ ਦਾ ਐਂਟਰੀ ਜਮਾਲ ਕੁੱਡੂ ਗਾਣਾ ਹੁਣੇ ਰਿਲੀਜ਼ ਹੋਇਆ ਹੈ। ਖੁੱਲ੍ਹ ਕੇ ਨੱਚੋ।' ਇਕ ਜਾਣਕਾਰੀ ਅਨੁਸਾਰ ਇਹ ਗੀਤ ਇਰਾਨੀ ਗੀਤ 'ਜਮਾਲ ਜਮਾਲੂ' ਦਾ ਰੀਮੇਕ ਹੈ। ਗੀਤ ਵਿੱਚ ਬੌਬੀ ਦਿਓਲ ਹੈ। ਜ਼ਿਕਰਯੋਗ ਹੈ ਕਿ ਫ਼ਿਲਮ 'ਐਨੀਮਲ' ਨੇ ਰਿਲੀਜ਼ ਹੋਣ ਮਗਰੋਂ ਸਿਰਫ਼ ਪੰਜ ਦਿਨਾਂ ਵਿੱਚ ਭਾਰਤ ਵਿੱਚ 250 ਕਰੋੜ ਰੁਪਏ ਵਾਲੇ ਕਲੱਬ ਵਿੱਚ ਦਾਖ਼ਲਾ ਪਾ ਲਿਆ ਹੈ। ਟਰੇਡ ਐਨਾਲਿਸਟ ਤਰਨ ਆਦਰਸ਼ ਅਨੁਸਾਰ ਮੰਗਲਵਾਰ ਨੂੰ ਫ਼ਿਲਮ ਨੇ 34.02 ਕਰੋੜ ਰੁਪਏ ਦੀ ਕਮਾਈ ਕੀਤੀ ਜਿਸ ਨਾਲ ਫ਼ਿਲਮ ਦਾ ਕੁੱਲ ਆਮਦਨ ਹਿੰਦੀ ਭਾਸ਼ਾ ਵਿੱਚ ਨੈੱਟ ਇੰਡੀਆ 'ਤੇ 250.66 ਕਰੋੜ ਰੁਪਏ ਹੋ ਗਈ ਹੈ। ਤਰਨ ਆਦਰਸ਼ ਨੇ ਇੰਸਟਾਗ੍ਰਾਮ 'ਤੇ ਪੋਸਟ ਸਾਂਝੀ ਕੀਤੀ ਹੈ, ਜਿਸ ਵਿੱਚ ਲਿਖਿਆ ਹੈ, "ਐਨੀਮਲ' ਨੂੰ ਰੋਕਿਆ ਨਹੀਂ ਜਾ ਸਕਦਾ। ਐਨੀਮਲ 250 ਨਾਟ-ਆਊਟ ਹੈ..300 ਕਰੋੜ ਰੁਪਏ ਵੱਲ ਦੌੜ ਰਿਹਾ ਹੈ। ਸੰਦੀਪ ਰੈੱਡੀ ਵੱਲੋਂ ਬਣਾਈ ਇਸ ਫ਼ਿਲਮ ਵਿੱਚ ਰਣਬੀਰ ਕਪੂਰ, ਅਨਿਲ ਕਪੂਰ ਅਤੇ ਰਸ਼ਮਿਕਾ ਮੰਦਾਨਾ ਮੁੱਖ ਭੂਮਿਕਾਵਾਂ ਨਿਭਾਅ ਰਹੇ ਹਨ। ਇਹ ਫਿਲਮ ਅਪਰਾਧ ਅਤੇ ਅੰਡਰਵਰਲਡ ਦੇ ਪਿਛੋਕੜ ਦੇ ਵਿਰੁੱਧ ਪਿਤਾ-ਪੁੱਤਰ ਦੇ ਰਿਸ਼ਤੇ ਨੂੰ ਦਰਸਾਉਂਦੀ ਹੈ। ਇਹ ਫ਼ਿਲਮ ਪਹਿਲੀ ਦਸੰਬਰ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ ਸੀ।



## ਬੌਬੀ ਦਿਓਲ ਦੀ ਅਦਾਕਾਰੀ 'ਤੇ ਖੁਸ਼ ਹੋਏ ਧਰਮਿੰਦਰ

ਮੁੰਬਈ: ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਐਨੀਮਲ' ਵਿੱਚ ਅਦਾਕਾਰ ਬੌਬੀ ਦਿਓਲ ਦੀ ਧਮਾਕੇਦਾਰ ਅਦਾਕਾਰੀ ਦੇਖ ਕੇ ਖੁਸ਼ ਹੋਏ ਪਿਤਾ ਧਰਮਿੰਦਰ ਨੇ ਪੁੱਤਰ ਦੀ ਹੌਸਲਾ-ਅਫ਼ਜ਼ਾਈ ਕੀਤੀ ਹੈ। ਉੱਘੇ ਅਦਾਕਾਰ ਨੇ ਫਿਲਮ ਦੇਖਣ ਮਗਰੋਂ ਲਿਖਿਆ, "ਮੇਰਾ ਹੋਣਹਾਰ ਬੌਬ।" ਇਸ ਨਾਲ ਧਰਮਿੰਦਰ ਨੇ ਗੁਲਾਬੀ ਰੰਗ ਦੇ ਦਿਲ ਵਾਲੇ ਕਈ ਇਮੋਜੀ ਵੀ ਪਾਏ ਹਨ। ਇਸ ਪੋਸਟ 'ਤੇ ਪ੍ਰਤੀਕਿਰਿਆ ਦਿੰਦਿਆਂ ਬੌਬੀ ਦਿਓਲ ਨੇ ਕਿਹਾ, "ਲਵ ਯੂ ਪਾ।" ਇੱਕ ਹੋਰ ਪ੍ਰਸ਼ੰਸਕ ਨੇ ਕਿਹਾ, "ਬੰਬ ਅਦਾਕਾਰੀ...ਡਾਇਲਾਗ ਦੀ ਥਾਂ ਅੱਖਾਂ ਨੇ ਕੀਤੀਆਂ ਗੱਲਾਂ।" ਇੱਕ ਹੋਰ ਨੇ ਕਿਹਾ, "ਇਹ ਸਾਲ ਦਿਓਲ ਦੀ ਵਾਪਸੀ ਦੇ ਨਾਂ...ਅਜਿਹੇ ਕੰਮ ਕਰਦੇ ਰਹੋ ਤਾਂ ਜੋ ਦੁਨੀਆਂ ਤੁਹਾਨੂੰ ਯਾਦ ਰੱਖੇ।" ਇਸ ਤੋਂ ਪਹਿਲਾਂ ਇੱਕ ਇੰਟਰਵਿਊ ਦੌਰਾਨ ਅਦਾਕਾਰ ਨੇ ਇੱਕ ਖਾਮੋਸ਼ ਕਿਰਦਾਰ ਨਿਭਾਉਣ ਸਮੇਂ ਪੇਸ਼ ਆਉਂਦੀਆਂ ਦਿੱਕਤਾਂ ਦਾ ਜ਼ਿਕਰ ਕੀਤਾ ਸੀ। ਬੌਬੀ ਨੇ ਕਿਹਾ, "ਮੈਂ ਅਜਿਹਾ ਕਿਰਦਾਰ ਨਿਭਾਉਣਾ ਚਾਹੁੰਦਾ ਹਾਂ, ਜੋ ਮੇਰੇ ਲਈ ਨਿਭਾਉਣਾ ਬਹੁਤ ਔਖਾ ਹੋਵੇ। ਮੈਂ ਹੋਰ ਚੁਣੌਤੀਪੂਰਨ ਕਿਰਦਾਰ ਨਿਭਾਉਣਾ ਚਾਹੁੰਦਾ ਹਾਂ ਕਿਉਂਕਿ ਇਹ ਤੁਹਾਨੂੰ ਸਭ ਤੋਂ ਵਧੀਆ ਅਦਾਕਾਰੀ ਕਰਨ ਲਈ ਪ੍ਰੇਰਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਕਿਰਦਾਰ ਅਜਿਹਾ ਹੀ ਹੈ।" ਅਦਾਕਾਰ ਨੇ ਦੱਸਿਆ ਕਿ ਜਦੋਂ ਨਿਰਦੇਸ਼ਕ ਸੰਦੀਪ ਰੈੱਡੀ ਵਾਂਗਾ ਨੇ ਦੱਸਿਆ ਕਿ ਫਿਲਮ ਵਿੱਚ ਉਸ ਦਾ ਕੋਈ ਡਾਇਲਾਗ ਨਹੀਂ ਹੈ ਤਾਂ ਉਹ ਦੰਗ ਰਹਿ ਗਿਆ ਸੀ।

## 'ਫਾਈਟਰ' 'ਚ ਪਾਇਲਟ ਦੀ ਭੂਮਿਕਾ ਨਿਭਾਏਗੀ ਦੀਪਿਕਾ ਪਾਦੂਕੋਨ

ਮੁੰਬਈ: ਏਰੀਅਲ ਐਕਸ਼ਨ ਥ੍ਰਿਲਰ ਫ਼ਿਲਮ 'ਫਾਈਟਰ' ਦੀ ਟੀਮ ਨੇ ਅਦਾਕਾਰਾ ਦੀਪਿਕਾ ਪਾਦੂਕੋਨ ਦੀ ਪਹਿਲੀ ਝਲਕ ਸਾਂਝੀ ਕੀਤੀ ਹੈ। ਦੀਪਿਕਾ ਨੇ ਇੰਸਟਾਗ੍ਰਾਮ 'ਤੇ ਫ਼ਿਲਮ ਦਾ ਪੋਸਟਰ ਸਾਂਝਾ ਕਰਦਿਆਂ ਲਿਖਿਆ, "ਸਕੁਐਡਰਨ ਲੀਡਰ ਮਿਨਾਲ ਰਾਠੌਰ, ਕਾਲ ਸਾਈਨ: ਮਿਨੀ, ਰੁਤਬਾ: ਸਕੁਐਡਰਨ ਪਾਇਲਟ, ਯੂਨਿਟ: ਏਅਰ ਡਰੈਗਨਜ਼। " ਇਸ ਤਸਵੀਰ 'ਚ ਦੀਪਿਕਾ ਏਅਰ ਫੋਰਸ ਪਾਇਲਟ ਦੀ ਵਰਦੀ 'ਚ ਨਜ਼ਰ ਆ ਰਹੀ ਹੈ। ਉਸ ਨੇ ਕਾਲੀਆਂ ਐਨਕਾਂ ਲਾਈਆਂ ਹੋਈਆਂ ਹਨ ਅਤੇ ਉਹ ਆਪਣੇ ਇਸ ਨਵੇਂ ਰੂਪ 'ਚ ਫਬ ਰਹੀ ਹੈ। ਇਸ ਫ਼ਿਲਮ 'ਚ ਦੀਪਿਕਾ ਦਾ ਕਿਰਦਾਰ ਏਅਰ ਡਰੈਗਨ ਯੂਨਿਟ 'ਚ ਸਕੁਐਡਰਨ ਪਾਇਲਟ ਦੀ ਬਹਾਦਰੀ ਨੂੰ ਦਰਸਾਉਂਦਾ ਹੈ। ਇੱਕ ਹੈਲੀਕਾਪਟਰ ਪਾਇਲਟ ਵਜੋਂ ਇਹ ਉਸ ਦਾ ਪਹਿਲਾ ਮਿਸ਼ਨ ਹੈ। ਮਿਨੀ ਦਾ ਕਿਰਦਾਰ ਇੱਕ ਫਾਈਟਰ ਦੀ ਦ੍ਰਿੜਤਾ ਅਤੇ ਅਟਲ ਭਾਵਨਾ ਨੂੰ ਪੇਸ਼ ਕਰਦਾ ਹੈ। ਫ਼ਿਲਮ ਦਾ ਨਿਰਦੇਸ਼ਨ ਸਿਧਾਰਥ ਆਨੰਦ ਨੇ ਕੀਤਾ ਹੈ। ਇਸ ਫ਼ਿਲਮ 'ਚ ਰਿਤਿਕ ਰੌਸ਼ਨ ਸਕੁਐਡਰਨ ਲੀਡਰ ਸ਼ਮਸ਼ੇਰ ਪਠਾਨੀਆ ਦਾ ਕਿਰਦਾਰ ਨਿਭਾਅ ਰਿਹਾ ਹੈ। ਫ਼ਿਲਮ 'ਚ ਅਨਿਲ ਕਪੂਰ ਵੀ ਹੈ। ਫ਼ਿਲਮ ਅਗਲੇ ਸਾਲ 25 ਜਨਵਰੀ ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਹੋਵੇਗੀ। 'ਫਾਈਟਰ' ਜ਼ਰੀਏ ਦਾਪਿਕਾ ਤੇ ਰਿਤਿਕ ਰੌਸ਼ਨ ਪਹਿਲੀ ਵਾਰੀ ਸਿਲਵਰ ਸਕਰੀਨ 'ਤੇ ਇਕੱਠੇ ਨਜ਼ਰ ਆਉਣਗੇ।


ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# TRANSource FREIGHTWAYS

## ਕੰਮ ਲਈ Drivers and Owner Operators ਚਾਹੀਦੇ ਹਨ।



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਸਾਡੀ ਕੰਪਨੀ
**ਓਨਰ ਓਪਰੇਟਰਾਂ ਨੂੰ**
**ਲੋਕਲ ਅਤੇ ਹਾਈਵੇਅ ਰੂਟਾਂ**
ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604-808-9805**

Email:safety@transourcefreightways.com


fruiticana hee jaana!
Your one and only Punjabi
neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$13.99 bag
EXTRA SUPER SUPER SPECIAL
Cilantro
ਧਣੀਆ
2 bunches for 99¢
Spinach
ਪਾਲਕ
$1.29 bunch
SUPER SUPER SPECIAL
Desi Karela
ਦੇਸੀ ਕਰੇਲਾ
$1.49 lb
SUPER SPECIAL
Tata Tea 220's
ਟਾਟਾ ਚਾਹ
$3.99 pkg.
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
Walnuts in Shell
ਸਾਬਤ ਅਖਰੋਟ
$2.99 lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
SUPER SPECIAL
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
(ਇੰਡੀਕੈਨ)
$3.98 bag
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Happy Paneer 300 g
ਹੈਪੀ ਪਨੀਰ
PANEER
$3.98 pkg.
SUPER SPECIAL
Bartlett Pears
ਅੰਜੂ ਨਾਸਪਤੀ
99¢ lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Masala Gur 2 lbs Shell
ਮਸਾਲਾ ਗੁੜ
$2.99 pkg.
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Rapini (Sarson da Saag)
ਸਰਸੋਂ ਦਾ ਸਾਗ
$2.98 bunch
Red Lentil Whole
ਮਸਰਾ ਦੀ ਸਾਬਤ ਦਾਲ
78¢ lb
Almonds #1
ਬਦਾਮ #੧
$3.99 lb
Green, Yellow & Orange Peppers BC
ਸ਼ਿਮਲਾ ਮਿਰਚਾਂ
(ਹਰੀਆਂ, ਪੀਲੀਆਂ ਅਤੇ ਸੰਤਰੀ)
99¢ lb
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Fri Dec 08, 2023 - Wed Dec 13, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. ------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. --------------- 604-244-9520